


ਸੱਚੀ ਅਤੇ ਨਿਰਪੱਖ ਵਿਚਾਰਧਾਰਾ
CEE7NEWS
Daily Digital Edition




Reg No: 1353 | Ludhiana, Wednesday 22 April, 2026 | website: www.cee7news.com

## ਪ੍ਰਧਾਨ ਮੰਤਰੀ ਦੇ 18 ਅਪਰੈਲ ਨੂੰ ਕੌਮ ਦੇ ਨਾਂਵਿਸ਼ੇਸ਼ ਅਧਿਕਾਰ ਮਤਾ (Privilege Motion) ਪੇਸ਼



ਵੇਣੂਗੋਪਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਵਿਰੋਧੀ ਧਿਰ ਦੇ ਮੈਂਬਰਾਂ ਦੇ ਵੋਟਿੰਗ ਤਰੀਕੇ 'ਤੇ ਸਿੱਧੀ ਟਿੱਪਣੀ ਕੀਤੀ ਅਤੇ ਉਨ੍ਹਾਂ ਦੇ ਇਰਾਦਿਆਂ 'ਤੇ ਸਵਾਲ ਚੁੱਕੇ। ਉਨ੍ਹਾਂ ਇਸ ਨੂੰ "ਵਿਸ਼ੇਸ਼ ਅਧਿਕਾਰਾਂ ਦੀ ਗੰਭੀਰ ਉਲੰਘਣਾ ਅਤੇ ਸਦਨ ਦੀ ਮਾਣਹਾਨੀ" ਕਰਾਰ ਦਿੱਤਾ।ਨੋਟਿਸ ਵਿੱਚ ਜ਼ੋਰ ਦਿੱਤਾ ਗਿਆ ਕਿ ਕੌਮ ਦੇ ਨਾਂ ਸੰਬੋਧਨ ਕੌਮੀ ਮਹੱਤਵ ਦੇ ਮੁੱਦਿਆਂ ਲਈ ਹੁੰਦਾ ਹੈ, ਨਾ ਕਿ ਸਿਆਸੀ ਆਲੋਚਨਾ ਲਈ। ਉਨ੍ਹਾਂ ਕਿਹਾ ਕਿ ਸੰਸਦ ਵਿੱਚ ਬਹੁਮਤ ਸਾਬਤ ਨਾ ਕਰ ਸਕਣ ਵਾਲੀ ਸਰਕਾਰ ਦੇ ਪ੍ਰਧਾਨ ਮੰਤਰੀ ਵੱਲੋਂ ਵਿਰੋਧੀ ਧਿਰ ਦੀ ਆਲੋਚਨਾ ਕਰਨਾ "ਤਾਕਤ ਦੀ ਸ਼ਰੇਆਮ ਦੁਰਵਰਤੋਂ" ਹੈ।ਵੇਣੂਗੋਪਾਲ ਨੇ ਸਪੱਸ਼ਟ ਕੀਤਾ ਕਿ ਵਿਰੋਧੀ ਧਿਰ ਨੇ 16 ਅਤੇ 17 ਅਪਰੈਲ ਨੂੰ ਇਸ ਬਿੱਲ ਦਾ ਵਿਰੋਧ ਇਸ ਦੀਆਂ ਕੁਝ ਵਿਵਸਥਾਵਾਂ (ਖਾਸ ਕਰਕੇ ਹੱਦਬੰਦੀ ਨਾਲ ਸਬੰਧਤ) ਕਾਰਨ ਕੀਤਾ ਸੀ। ਉਨ੍ਹਾਂ ਯਾਦ ਦਿਵਾਇਆ ਕਿ ਵਿਰੋਧੀ ਧਿਰ ਪਹਿਲਾਂ ਹੀ ਮਹਿਲਾ ਰਾਖਵੇਂਕਰਨ (106ਵੀਂ ਸੋਧ ਐਕਟ, 2023) ਦਾ ਸਮਰਥਨ ਕਰ ਚੁੱਕੀ ਹੈ। ਵੇਣੂਗੋਪਾਲ ਨੇ ਸਪੀਕਰ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਨੂੰ ਤੁਰੰਤ ਗੰਭੀਰਤਾ ਨਾਲ ਲਿਆ ਜਾਵੇ ਅਤੇ ਇਸ ਨੂੰ ਵਿਸ਼ੇਸ਼ ਅਧਿਕਾਰ ਕਮੇਟੀ (Committee of Privileges) ਕੋਲ ਜਾਂਚ ਲਈ ਭੇਜਿਆ ਜਾਵੇ।ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵੀ ਇਸ ਕਦਮ ਦਾ ਸਮਰਥਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਭਾਸ਼ਣ "ਕੌਮੀ ਏਕਤਾ" ਦੀ ਬਜਾਏ ਪੱਖਪਾਤੀ ਸਿਆਸਤ ਨਾਲ ਭਰਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਬਿੱਲ ਦੀ ਹਾਰ ਤੋਂ ਬਾਅਦ ਪ੍ਰਧਾਨ ਮੰਤਰੀ ਦੀਆਂ ਇਹ ਟਿੱਪਣੀਆਂ ਉਨ੍ਹਾਂ ਦੇ ਰਿਕਾਰਡ 'ਤੇ "ਸਥਾਈ ਦਾਗ" ਰਹਿਣਗੀਆਂ।

## ਨਾਕਾਬੰਦੀ ਸਮਝੌਤਾ ਹੋਣ ਤੱਕ ਨਹੀਂ ਹਟੇਗੀ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ-ਇਰਾਨ ਦੀਆਂ ਬੰਦਰਗਾਹਾਂ 'ਤੇ ਲਗਾਈ ਗਈ ਨਾਕਾਬੰਦੀ ਨੂੰ ਉਦੋਂ ਤੱਕ ਨਹੀਂ ਹਟਾਏਗਾ ਜਦੋਂ ਤੱਕ ਤਹਿਰਾਨ ਨਾਲ ਸਮਝੌਤਾ ਨਹੀਂ ਹੋ ਜਾਂਦਾ । ਸੋਸ਼ਲ ਮੀਡੀਆ 'ਤੇ ਟਰੰਪ ਨੇ ਲਿਖਿਆ ਕਿ ਇਕ ਹਫ਼ਤਾ ਪਹਿਲਾਂ ਸ਼ੁਰੂ ਹੋਈ ਇਹ ਨਾਕਾਬੰਦੀ ਇਰਾਨ ਨੂੰ ਪੂਰੀ ਤਰ੍ਹਾਂ ਤਬਾਹ ਕਰ ਰਹੀ ਹੈ । ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਇਸ ਟਕਰਾਅ ਵਿੱਚ ਬਹੁਤ ਅੱਗੇ ਹੈ।ਇਸ ਦੇ ਜਵਾਬ 'ਚ ਇਰਾਨੀ ਸੰਸਦ ਦੇ ਸਪੀਕਰ ਗਾਲਿਬਾਫ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਟਰੰਪ ਦਬਾਅ ਬਣਾ ਕੇ ਸੀਜਫਾਇਰ ਤੋੜ ਕੇ ਗੱਲਬਾਤ ਨੂੰ ਇਸ ਤਰ੍ਹਾਂ ਦੀ ਬਣਾਉਣੀ ਚਾਹੁੰਦਾ ਹੈ ਜਿੱਥੇ ਇਰਾਨ ਨੂੰ ਝੁਕਣਾ ਪਵੇ ਜਾਂ ਫਿਰ ਦੁਬਾਰਾ ਜੰਗ ਸ਼ੁਰੂ ਕਰਨ ਦਾ ਬਹਾਨਾ ਮਿਲ ਜਾਵੇ। ਗਾਲਿਬਾਫ ਨੇ ਅੱਗੇ ਕਿਹਾ ਕਿ ਇਰਾਨ ਕਿਸੇ ਵੀ ਧਮਕੀ ਦੇ ਦਬਾਅ ਹੇਠ ਗੱਲਬਾਤ ਨਹੀਂ ਕਰੇਗਾ । ਪਿਛਲੇ ਦੋ ਹਫ਼ਤਿਆਂ ਵਿੱਚ ਇਰਾਨ ਨੇ ਜੰਗ ਲੜਨ ਦੇ ਲਈ ਨਵੀਂ ਤਿਆਰੀ ਕਰ ਚੁੱਕਿਆ ਹੈ। ਇਨ੍ਹਾਂ ਦੋਵੇਂ ਆਗੂਆਂ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਅਤੇ ਇਰਾਨ ਦਰਮਿਆਨ ਜੰਗਬੰਦੀ ਬੁੱਧਵਾਰ ਨੂੰ ਖਤਮ ਹੋਣ ਵਾਲੀ ਹੈ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ-ਇਰਾਨ ਦੀਆਂ ਬੰਦਰਗਾਹਾਂ 'ਤੇ ਲਗਾਈ ਗਈ ਨਾਕਾਬੰਦੀ ਨੂੰ ਉਦੋਂ ਤੱਕ ਨਹੀਂ ਹਟਾਏਗਾ ਜਦੋਂ ਤੱਕ ਤਹਿਰਾਨ ਨਾਲ ਸਮਝੌਤਾ ਨਹੀਂ ਹੋ ਜਾਂਦਾ । ਸੋਸ਼ਲ ਮੀਡੀਆ 'ਤੇ ਟਰੰਪ ਨੇ ਲਿਖਿਆ ਕਿ ਇਕ ਹਫ਼ਤਾ ਪਹਿਲਾਂ ਸ਼ੁਰੂ ਹੋਈ ਇਹ ਨਾਕਾਬੰਦੀ ਇਰਾਨ ਨੂੰ ਪੂਰੀ ਤਰ੍ਹਾਂ ਤਬਾਹ ਕਰ ਰਹੀ ਹੈ । ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਇਸ ਟਕਰਾਅ ਵਿੱਚ ਬਹੁਤ ਅੱਗੇ ਹੈ।ਇਸ ਦੇ ਜਵਾਬ 'ਚ ਇਰਾਨੀ ਸੰਸਦ ਦੇ ਸਪੀਕਰ ਗਾਲਿਬਾਫ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਟਰੰਪ ਦਬਾਅ ਬਣਾ ਕੇ ਸੀਜਫਾਇਰ ਤੋੜ ਕੇ ਗੱਲਬਾਤ ਨੂੰ ਇਸ ਤਰ੍ਹਾਂ ਦੀ ਬਣਾਉਣੀ ਚਾਹੁੰਦਾ ਹੈ ਜਿੱਥੇ ਇਰਾਨ ਨੂੰ ਝੁਕਣਾ ਪਵੇ ਜਾਂ ਫਿਰ ਦੁਬਾਰਾ ਜੰਗ ਸ਼ੁਰੂ ਕਰਨ ਦਾ ਬਹਾਨਾ ਮਿਲ ਜਾਵੇ। ਗਾਲਿਬਾਫ ਨੇ ਅੱਗੇ ਕਿਹਾ ਕਿ ਇਰਾਨ ਕਿਸੇ ਵੀ ਧਮਕੀ ਦੇ ਦਬਾਅ ਹੇਠ ਗੱਲਬਾਤ ਨਹੀਂ ਕਰੇਗਾ ।

# cee7news ਲੁਧਿਆਣਾ 'ਚ ਆਨਲਾਈਨ ਦੋਸਤੀ ਦੇ ਝਾਂਸੇ ਵਿੱਚ ਫਸ ਕੇ ਮਸ਼ਹੂਰ ਵਪਾਰੀ ਨੇ ਗਵਾਏ ਕਰੋੜਾਂ ਰੁਪਏ

## ਲੁਧਿਆਣਾ ਦਾ ਇੱਕ ਵਪਾਰੀ ਕਰੋੜਾਂ ਰੁਪਏ ਦੇ ਘੋਟਾਲੇ ਦਾ ਸ਼ਿਕਾਰ ਬਣਿਆ

ਲੁਧਿਆਣਾ ਦਾ ਇੱਕ ਜਾਣਿਆ-ਪਛਾਣਿਆ ਵਪਾਰੀ ਆਨਲਾਈਨ ਦੋਸਤੀ ਦੇ ਝਾਂਸੇ ਵਿੱਚ ਆ ਕੇ ਕਰੋੜਾਂ ਰੁਪਏ ਦਾ ਘੋਟਾਲਾ ਬਣ ਗਿਆ ਹੈ। ਇਸ ਘਟਨਾ ਨੇ ਇੱਕ ਵਾਰ ਫਿਰ ਆਨਲਾਈਨ ਠੱਗੀਆਂ ਦੇ ਵਧਦੇ ਖਤਰੇ ਵੱਲ ਧਿਆਨ ਖਿੱਚਿਆ ਹੈ। ਵਪਾਰੀ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਨੂੰ ਫੇਸਬੁੱਕ ਉੱਤੇ ਇੱਕ ਔਰਤ ਨਾਲ ਦੋਸਤੀ ਹੋਈ ਸੀ। ਉਸ ਔਰਤ ਨੇ ਖੁਦ ਨੂੰ ਵਿਦੇਸ਼ ਵਿੱਚ ਰਹਿਣ ਵਾਲੀ ਅਤੇ ਅਮੀਰ ਪਰਿਵਾਰ ਨਾਲ ਸਬੰਧਤ ਦੱਸਿਆ ਸੀ। ਧੀਰੇ-ਧੀਰੇ ਗੱਲਬਾਤ ਵਧਦੀ ਗਈ ਅਤੇ ਵਪਾਰੀ ਉਸ ਔਰਤ ਉੱਤੇ ਭਰੋਸਾ ਕਰਨ ਲੱਗਾ।

ਔਰਤ ਨੇ ਵਪਾਰੀ ਨੂੰ ਆਪਣੀਆਂ ਮੁਸੀਬਤਾਂ ਬਾਰੇ ਦੱਸਣਾ ਸ਼ੁਰੂ ਕੀਤਾ। ਉਸ ਨੇ ਕਿਹਾ ਕਿ ਉਸ ਦੇ ਪਰਿਵਾਰ ਵਿੱਚ ਕੁਝ ਆਰਥਿਕ ਸਮੱਸਿਆਵਾਂ ਹਨ ਅਤੇ ਉਸ ਨੂੰ ਥੋੜ੍ਹੇ ਸਮੇਂ ਲਈ ਪੈਸਿਆਂ ਦੀ ਲੋੜ ਹੈ। ਵਪਾਰੀ, ਜੋ ਆਪਣੇ ਵਪਾਰ ਵਿੱਚ ਸਫਲ ਸੀ, ਨੇ ਉਸ ਔਰਤ ਦੀ ਮਦਦ ਕਰਨ ਦਾ ਫੈਸਲਾ ਕੀਤਾ। ਉਸ ਨੇ ਪਹਿਲਾਂ ਛੋਟੀ ਰਕਮ ਭੇਜੀ ਅਤੇ ਫਿਰ ਉਸ ਔਰਤ ਨੇ ਵਧੇਰੇ ਪੈਸਿਆਂ ਦੀ ਮੰਗ ਕੀਤੀ। ਇਸ ਤਰ੍ਹਾਂ ਇੱਕ ਤੋਂ ਬਾਅਦ ਇੱਕ ਭੇਜੀਆਂ ਗਈਆਂ ਰਕਮਾਂ ਵਧਦੀਆਂ ਗਈਆਂ। ਵਪਾਰੀ ਨੇ ਆਪਣੀ ਬੈਂਕ ਬੈਲੈਂਸ ਅਤੇ ਵਪਾਰੀ ਲਾਭ ਤੋਂ ਲੈ ਕੇ ਕਰੀਬ ਕਰੋੜਾਂ ਰੁਪਏ ਉਸ ਔਰਤ ਨੂੰ ਟ੍ਰਾਂਸਫਰ ਕਰ ਦਿੱਤੇ।

ਜਦੋਂ ਵਪਾਰੀ ਨੇ ਹੋਰ ਵੱਡੀ ਰਕਮ ਭੇਜਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਔਰਤ ਨੇ ਆਪਣੀ ਗੱਲਬਾਤ ਬੰਦ ਕਰ ਲਈ ਅਤੇ ਉਸ ਨੂੰ ਬਲਾਕ ਕਰ ਦਿੱਤਾ। ਵਪਾਰੀ ਨੂੰ ਤਦ ਅਹਿਸਾਸ ਹੋਇਆ ਕਿ ਉਹ ਠੱਗੀ ਦਾ ਸ਼ਿਕਾਰ ਬਣ ਚੁੱਕਾ ਹੈ। ਉਸ ਨੇ ਤੁਰੰਤ ਪੁਲਿਸ ਕੋਲ ਪਹੁੰਚ ਕੀਤੀ ਅਤੇ ਆਪਣੀ ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੇ ਇਸ ਮਾਮਲੇ ਵਿੱਚ ਐਫਆਈਆਰ ਦਰਜ ਕਰ ਲਈ ਹੈ ਅਤੇ ਠੱਗੀ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਆਨਲਾਈਨ ਠੱਗੀਆਂ ਵਿੱਚ ਅਕਸਰ ਵਿਦੇਸ਼ੀ ਨੰਬਰਾਂ ਜਾਂ ਫੇਕ ਪ੍ਰੋਫਾਈਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਆਨਲਾਈਨ ਕਿਸੇ ਅਣਜਾਣ ਵਿਅਕਤੀ ਨਾਲ ਪੈਸਿਆਂ ਦੀ ਲੈਣ-ਦੇਣ ਨਾ ਕਰਨ। ਇਸ ਘਟਨਾ ਨਾਲ ਲੁਧਿਆਣਾ ਵਪਾਰੀ ਭਾਈਚਾਰੇ ਵਿੱਚ ਚਰਚਾ ਛਿੜ ਗਈ ਹੈ। ਬਹੁਤ ਸਾਰੇ ਲੋਕਾਂ ਨੇ ਆਪਣੇ ਤਜ਼ਰਬੇ ਸਾਂਝੇ ਕੀਤੇ ਹਨ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਵੀ ਇਸ ਤਰ੍ਹਾਂ ਦੀਆਂ ਠੱਗੀਆਂ ਦਾ ਸਾਹਮਣਾ ਕਰਨਾ ਪਿਆ ਸੀ। ਇੱਕ ਵਪਾਰੀ ਨੇ ਕਿਹਾ, "ਅੱਜਕਲ੍ਹ ਆਨਲਾਈਨ ਦੁਨੀਆਂ ਬਹੁਤ ਖਤਰਨਾਕ ਹੋ ਗਈ ਹੈ। ਛੋਟੀਆਂ ਛੋਟੀਆਂ ਗੱਲਾਂ ਤੋਂ ਲੈ ਕੇ ਵੱਡੀਆਂ ਰਕਮਾਂ ਤੱਕ ਠੱਗ ਲੋਕ ਫਸਾਉਂਦੇ ਹਨ।" ਇੱਕ ਹੋਰ ਵਪਾਰੀ ਨੇ ਸਲਾਹ ਦਿੱਤੀ ਕਿ ਹਰ ਇੱਕ ਨੂੰ ਆਪਣੀ ਆਨਲਾਈਨ ਗਤੀਵਿਧੀਆਂ ਬਾਰੇ ਸਾਵਧਾਨ ਰਹਿਣਾ ਚਾਹੀਦਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਡਿਜੀਟਲ ਫਾਰੈਂਸਿਕ ਟੀਮ ਨੂੰ ਵੀ ਸ਼ਾਮਲ ਕੀਤਾ ਹੈ




ਤਾਂ ਜੋ ਠੱਗਾਂ ਦੇ ਆਈਪੀ ਐਡਰੈੱਸ ਅਤੇ ਬੈਂਕ ਟ੍ਰਾਂਸਐਕਸ਼ਨ ਵੇਰਵਿਆਂ ਦੀ ਜਾਂਚ ਕੀਤੀ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਅਕਸਰ ਠੱਗ ਵਿਦੇਸ਼ਾਂ ਵਿੱਚ ਬੈਠ ਕੇ ਭਾਰਤੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਵਪਾਰੀ ਨੇ ਆਪਣੀ ਸ਼ਿਕਾਇਤ ਵਿੱਚ ਲਗਭਗ 2 ਤੋਂ 3 ਕਰੋੜ ਰੁਪਏ ਦੀ ਠੱਗੀ ਦੱਸੀ ਹੈ। ਇਸ ਰਕਮ ਵਿੱਚ ਉਸ ਦੀਆਂ ਬੱਚਤਾਂ ਅਤੇ ਵਪਾਰ ਵਾਲੀ ਰਕਮ ਸ਼ਾਮਲ ਹੈ।

ਇਸ ਘਟਨਾ ਤੋਂ ਬਾਅਦ ਲੁਧਿਆਣਾ ਪੁਲਿਸ ਨੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਮੁਹਿੰਮ ਵੀ ਸ਼ੁਰੂ ਕਰਨ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਫੇਸਬੁੱਕ, ਇੰਸਟਾਗ੍ਰਾਮ ਜਾਂ ਵਟਸਐਪ ਉੱਤੇ ਅਣਜਾਣ ਲੋਕਾਂ ਨਾਲ ਗੱਲਬਾਤ ਕਰਦੇ ਵੇਲੇ ਬਹੁਤ ਸਾਵਧਾਨੀ ਵਰਤਣੀ ਚਾਹੀਦੀ ਹੈ। ਖਾਸ ਤੌਰ ਉੱਤੇ ਜੇਕਰ ਕੋਈ ਵਿਅਕਤੀ ਪੈਸਿਆਂ ਦੀ ਮਦਦ ਮੰਗਦਾ ਹੈ ਤਾਂ ਉਸ ਉੱਤੇ ਭਰੋਸਾ ਨਾ ਕੀਤਾ ਜਾਵੇ। ਪੁਲਿਸ ਨੇ ਇਹ ਵੀ ਸਲਾਹ ਦਿੱਤੀ ਹੈ ਕਿ ਇਸ ਤਰ੍ਹਾਂ ਦੀਆਂ ਠੱਗੀਆਂ ਵਿੱਚ ਫਸਣ ਤੋਂ ਬਾਅਦ ਤੁਰੰਤ ਪੁਲਿਸ ਨੂੰ ਸੂਚਿਤ ਕਰੋ ਤਾਂ ਜੋ ਜਲਦੀ ਤੋਂ ਜਲਦੀ ਕਾਰਵਾਈ ਕੀਤੀ ਜਾ ਸਕੇ।

ਵਪਾਰੀ ਦੇ ਪਰਿਵਾਰ ਨੇ ਵੀ ਇਸ ਘਟਨਾ ਤੋਂ ਬਹੁਤ ਝਟਕਾ ਖਾਧਾ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਘਰਾਣਾ ਇਸ ਠੱਗੀ ਕਾਰਨ ਆਰਥਿਕ ਤੌਰ ਉੱਤੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਨੂੰ ਉਮੀਦ ਹੈ ਕਿ ਪੁਲਿਸ ਇਸ ਮਾਮਲੇ ਵਿੱਚ ਜਲਦੀ ਹੀ ਠੱਗਾਂ ਤੱਕ ਪਹੁੰਚ ਜਾਵੇਗੀ ਅਤੇ ਉਨ੍ਹਾਂ ਦੀ ਰਕਮ ਵਾਪਸ ਆ ਸਕੇਗੀ। ਪਰ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਡਿਜੀਟਲ ਯੁੱਗ ਵਿੱਚ ਸਾਵਧਾਨੀ ਬਹੁਤ ਜ਼ਰੂਰੀ ਹੈ।



ਅਮਰੀਕਾ ਅਤੇ ਇਰਾਨ ਨੇ ਇਸਲਾਮਾਬਾਦ ਵਿੱਚ ਜੰਗਬੰਦੀ ਦੇ ਮਾਮਲੇ

## ਅਮਰੀਕਾ ਤੇ ਇਰਾਨ ਵੱਲੋਂ ਪਾਕਿਸਤਾਨ ਵਿਚ ਹੋਣ ਵਾਲੀ ਗੱਲਬਾਤ

ਅਮਰੀਕਾ ਅਤੇ ਇਰਾਨ ਨੇ ਇਸਲਾਮਾਬਾਦ ਵਿੱਚ ਜੰਗਬੰਦੀ ਦੇ ਮਾਮਲੇ ਵਿਚ ਹੋਣ ਵਾਲੀ ਗੱਲਬਾਤ ਦੇ ਨਵੇਂ ਦੌਰ ਵਿੱਚ ਸ਼ਾਮਲ ਹੋਣ ਦਾ ਸੰਕੇਤ ਦਿੱਤਾ ਹੈ। ਇਹ ਖ਼ਬਰ ਅਜਿਹੇ ਸਮੇਂ ਆਈ ਹੈ ਜਦੋਂ ਖੇਤਰ ਵਿੱਚ ਤਣਾਅ ਨੂੰ ਘੱਟ ਕਰਨ ਲਈ ਕੌਮਾਂਤਰੀ ਪੱਧਰ 'ਤੇ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ। ਡੋਨਲਡ ਟਰੰਪ ਦੀਆਂ ਚਿਤਾਵਨੀਆਂ ਅਤੇ ਲੈਬਨਾਨ ਵਿੱਚ ਚੱਲ ਰਹੇ ਟਕਰਾਅ ਦੇ ਵਿਚਾਲੇ ਇਨ੍ਹਾਂ ਦੋਵਾਂ ਦੇਸ਼ਾਂ ਦੇ ਆਗੂਆਂ ਦਾ ਇੱਕੋ ਮੰਚ 'ਤੇ ਆਉਣਾ ਸ਼ਾਂਤੀ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਇਹ ਜਾਣਕਾਰੀ ਦੋ ਖੇਤਰੀ ਅਧਿਕਾਰੀਆਂ ਨੇ ਐਸੋਸੀਏਟਡ ਪ੍ਰੈਸ ਨਾਲ ਸਾਂਝੀ ਕੀਤੀ ਹੈ।ਅਧਿਕਾਰੀਆਂ ਅਨੁਸਾਰ, ਇਸ ਪ੍ਰਸਤਾਵਿਤ ਗੱਲਬਾਤ ਦਾ ਮੁੱਖ ਉਦੇਸ਼ ਹਿੰਸਾ ਨੂੰ ਰੋਕਣਾ ਅਤੇ ਖੇਤਰੀ ਸੁਰੱਖਿਆ ਨੂੰ ਬਹਾਲ ਕਰਨਾ ਹੈ। ਜੇਕਰ ਅਮਰੀਕਾ ਅਤੇ ਇਰਾਨ ਇਸ ਬੈਠਕ ਵਿੱਚ ਹਿੱਸਾ ਲੈਂਦੇ ਹਨ ਤਾਂ ਇਸ ਨਾਲ ਲੈਬਨਾਨ ਅਤੇ ਹੋਰ ਗੁਆਂਢੀ ਇਲਾਕਿਆਂ ਵਿੱਚ ਚੱਲ ਰਹੀ ਅਸਥਿਰਤਾ ਨੂੰ ਖ਼ਤਮ ਕਰਨ ਵਿੱਚ ਮਦਦ ਮਿਲ ਸਕਦੀ ਹੈ। ਹਾਲਾਂਕਿ, ਦੋਵਾਂ ਦੇਸ਼ਾਂ ਵੱਲੋਂ ਅਜੇ ਅਧਿਕਾਰਤ ਪੁਸ਼ਟੀ ਹੋਣੀ ਬਾਕੀ ਹੈ ਪਰ ਇਸਲਾਮਾਬਾਦ ਨੂੰ ਇਸ ਅਹਿਮ ਗੱਲਬਾਤ ਲਈ ਇੱਕ ਸੰਭਾਵੀ ਕੇਂਦਰ ਵਜੋਂ ਦੇਖਿਆ ਜਾ ਰਿਹਾ ਹੈ। ਇਰਾਨ ਵਿੱਚ ਲਗਪਗ 50 ਦਿਨਾਂ ਦੇ ਵਕਫ਼ੇ ਤੋਂ ਬਾਅਦ ਘਰੇਲੂ ਉਡਾਣ ਸੇਵਾਵਾਂ ਮੁੜ ਸ਼ੁਰੂ ਹੋਣ ਜਾ ਰਹੀਆਂ ਹਨ। ਜੰਗ ਦੇ ਹਾਲਾਤ ਅਤੇ ਇਜ਼ਰਾਈਲ-ਲੈਬਨਾਨ ਸਰਹੱਦ 'ਤੇ ਵਧਦੇ ਤਣਾਅ ਕਾਰਨ ਇਹ ਉਡਾਣਾਂ ਬੰਦ ਕੀਤੀਆਂ ਗਈਆਂ ਸਨ, ਜੋ ਹੁਣ ਬੁੱਧਵਾਰ ਤੋਂ ਮੁੜ ਬਹਾਲ ਹੋਣਗੀਆਂ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਖੇਤਰ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਚਿਤਾਵਨੀ ਦਿੱਤੀ ਗਈ ਹੈ।

ਅਧਿਕਾਰੀਆਂ ਅਨੁਸਾਰ, ਇਸ ਪ੍ਰਸਤਾਵਿਤ ਗੱਲਬਾਤ ਦਾ ਮੁੱਖ ਉਦੇਸ਼ ਹਿੰਸਾ ਨੂੰ ਰੋਕਣਾ ਅਤੇ ਖੇਤਰੀ ਸੁਰੱਖਿਆ ਨੂੰ ਬਹਾਲ ਕਰਨਾ ਹੈ। ਜੇਕਰ ਅਮਰੀਕਾ ਅਤੇ ਇਰਾਨ ਇਸ ਬੈਠਕ ਵਿੱਚ ਹਿੱਸਾ ਲੈਂਦੇ ਹਨ ਤਾਂ ਇਸ ਨਾਲ ਲੈਬਨਾਨ ਅਤੇ ਹੋਰ ਗੁਆਂਢੀ ਇਲਾਕਿਆਂ ਵਿੱਚ ਚੱਲ ਰਹੀ ਅਸਥਿਰਤਾ ਨੂੰ ਖ਼ਤਮ ਕਰਨ ਵਿੱਚ ਮਦਦ ਮਿਲ ਸਕਦੀ ਹੈ। ਹਾਲਾਂਕਿ, ਦੋਵਾਂ ਦੇਸ਼ਾਂ ਵੱਲੋਂ ਅਜੇ ਅਧਿਕਾਰਤ ਪੁਸ਼ਟੀ ਹੋਣੀ ਬਾਕੀ ਹੈ ਪਰ ਇਸਲਾਮਾਬਾਦ ਨੂੰ ਇਸ ਅਹਿਮ ਗੱਲਬਾਤ ਲਈ ਇੱਕ ਸੰਭਾਵੀ ਕੇਂਦਰ ਵਜੋਂ ਦੇਖਿਆ ਜਾ ਰਿਹਾ ਹੈ। ਇਰਾਨ ਵਿੱਚ ਲਗਪਗ 50 ਦਿਨਾਂ ਦੇ ਵਕਫ਼ੇ ਤੋਂ ਬਾਅਦ ਘਰੇਲੂ ਉਡਾਣ ਸੇਵਾਵਾਂ ਮੁੜ ਸ਼ੁਰੂ ਹੋਣ ਜਾ ਰਹੀਆਂ ਹਨ। ਜੰਗ ਦੇ ਹਾਲਾਤ ਅਤੇ ਇਜ਼ਰਾਈਲ-ਲੈਬਨਾਨ ਜੋ ਹੁਣ ਬੁੱਧਵਾਰ ਤੋਂ ਮੁੜ ਬਹਾਲ ਹੋਣਗੀਆਂ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਖੇਤਰ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਚਿਤਾਵਨੀ ਦਿੱਤੀ ਗਈ ਹੈ। ਅਧਿਕਾਰੀਆਂ ਅਨੁਸਾਰ, ਇਸ ਪ੍ਰਸਤਾਵਿਤ ਗੱਲਬਾਤ ਦਾ ਮੁੱਖ ਉਦੇਸ਼ ਹਿੰਸਾ ਨੂੰ ਰੋਕਣਾ ਅਤੇ ਖੇਤਰੀ ਸੁਰੱਖਿਆ ਨੂੰ ਬਹਾਲ ਕਰਨਾ ਹੈ। ਜੇਕਰ ਅਮਰੀਕਾ ਅਤੇ ਇਰਾਨ ਇਸ ਬੈਠਕ ਵਿੱਚ ਹਿੱਸਾ ਲੈਂਦੇ ਹਨ ਤਾਂ ਇਸ ਨਾਲ ਲੈਬਨਾਨ ਅਤੇ ਹੋਰ ਗੁਆਂਢੀ ਇਲਾਕਿਆਂ ਵਿੱਚ ਚੱਲ ਰਹੀ ਅਸਥਿਰਤਾ ਨੂੰ ਖ਼ਤਮ ਕਰਨ ਵਿੱਚ ਮਦਦ ਮਿਲ ਸਕਦੀ ਹੈ। ਹਾਲਾਂਕਿ, ਦੋਵਾਂ ਦੇਸ਼ਾਂ ਵੱਲੋਂ ਅਜੇ ਅਧਿਕਾਰਤ ਪੁਸ਼ਟੀ ਹੋਣੀ ਬਾਕੀ ਹੈ ਪਰ ਇਸਲਾਮਾਬਾਦ ਨੂੰ ਇਸ ਅਹਿਮ ਗੱਲਬਾਤ ਲਈ ਇੱਕ ਸੰਭਾਵੀ ਕੇਂਦਰ ਵਜੋਂ ਦੇਖਿਆ ਜਾ ਰਿਹਾ ਹੈ। ਇਰਾਨ ਵਿੱਚ ਲਗਪਗ 50 ਦਿਨਾਂ ਦੇ ਵਕਫ਼ੇ ਤੋਂ ਬਾਅਦ ਘਰੇਲੂ ਉਡਾਣ ਸੇਵਾਵਾਂ ਮੁੜ ਸ਼ੁਰੂ ਹੋਣ ਜਾ ਰਹੀਆਂ ਹਨ। ਜੰਗ ਦੇ ਹਾਲਾਤ ਅਤੇ ਇਜ਼ਰਾਈਲ-ਲੈਬਨਾਨ ਸਰਹੱਦ 'ਤੇ ਵਧਦੇ ਤਣਾਅ ਕਾਰਨ ਇਹ ਉਡਾਣਾਂ ਬੰਦ ਕੀਤੀਆਂ ਗਈਆਂ ਸਨ, ਜੋ ਹੁਣ ਬੁੱਧਵਾਰ ਤੋਂ ਮੁੜ ਬਹਾਲ ਹੋਣਗੀਆਂ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਖੇਤਰ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਚਿਤਾਵਨੀ ਦਿੱਤੀ ਗਈ ਹੈ। ਅਮਰੀਕਾ ਅਤੇ ਇਰਾਨ ਨੇ ਇਸਲਾਮਾਬਾਦ ਵਿੱਚ ਜੰਗਬੰਦੀ ਦੇ ਮਾਮਲੇ ਵਿਚ ਹੋਣ ਵਾਲੀ ਗੱਲਬਾਤ ਦੇ ਨਵੇਂ ਦੌਰ ਵਿੱਚ ਸ਼ਾਮਲ ਹੋਣ ਦਾ ਸੰਕੇਤ ਦਿੱਤਾ ਹੈ। ਇਹ ਖ਼ਬਰ ਅਜਿਹੇ ਸਮੇਂ ਆਈ ਹੈ ਜਦੋਂ ਖੇਤਰ ਵਿੱਚ ਤਣਾਅ ਨੂੰ ਘੱਟ ਕਰਨ ਲਈ ਕੌਮਾਂਤਰੀ ਪੱਧਰ 'ਤੇ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ। ਡੋਨਲਡ ਟਰੰਪ ਦੀਆਂ ਚਿਤਾਵਨੀਆਂ ਅਤੇ ਲੈਬਨਾਨ ਵਿੱਚ ਚੱਲ ਰਹੇ ਟਕਰਾਅ ਦੇ ਵਿਚਾਲੇ ਇਨ੍ਹਾਂ ਦੋਵਾਂ ਦੇਸ਼ਾਂ ਦੇ ਆਗੂਆਂ ਦਾ ਇੱਕੋ ਮੰਚ 'ਤੇ ਆਉਣਾ ਸ਼ਾਂਤੀ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਇਹ ਜਾਣਕਾਰੀ ਦੋ ਖੇਤਰੀ ਅਧਿਕਾਰੀਆਂ ਨੇ ਐਸੋਸੀਏਟਡ ਪ੍ਰੈਸ ਨਾਲ ਸਾਂਝੀ ਕੀਤੀ ਹੈ। ਅਧਿਕਾਰੀਆਂ ਅਨੁਸਾਰ, ਇਸ ਪ੍ਰਸਤਾਵਿਤ ਗੱਲਬਾਤ ਦਾ ਮੁੱਖ ਉਦੇਸ਼ ਹਿੰਸਾ ਨੂੰ ਰੋਕਣਾ ਅਤੇ ਖੇਤਰੀ ਸੁਰੱਖਿਆ ਨੂੰ ਬਹਾਲ ਕਰਨਾ ਹੈ। ਜੇਕਰ ਅਮਰੀਕਾ ਅਤੇ ਇਰਾਨ ਇਸ ਬੈਠਕ ਵਿੱਚ ਹਿੱਸਾ ਲੈਂਦੇ ਹਨ ਤਾਂ ਇਸ ਨਾਲ ਲੈਬਨਾਨ ਅਤੇ ਹੋਰ ਗੁਆਂਢੀ ਇਲਾਕਿਆਂ ਵਿੱਚ ਚੱਲ ਰਹੀ ਅਸਥਿਰਤਾ ਨੂੰ ਖ਼ਤਮ ਕਰਨ ਵਿੱਚ ਮਦਦ ਮਿਲ ਸਕਦੀ ਹੈ। ਹਾਲਾਂਕਿ, ਦੋਵਾਂ ਦੇਸ਼ਾਂ ਵੱਲੋਂ ਅਜੇ ਅਧਿਕਾਰਤ ਪੁਸ਼ਟੀ ਹੋਣੀ ਬਾਕੀ ਹੈ ਪਰ ਇਸਲਾਮਾਬਾਦ ਨੂੰ ਇਸ ਅਹਿਮ ਗੱਲਬਾਤ ਲਈ ਇੱਕ ਸੰਭਾਵੀ ਕੇਂਦਰ ਵਜੋਂ ਦੇਖਿਆ ਜਾ ਰਿਹਾ ਹੈ।

## "ਕਲਮ ਦੀ ਤਾਕਤ"



ਕਲਮਾਂ ਵਾਲਿਓ ਸੁਣੋਂ ਧਿਆਨ ਨਾਲ ਇਹ ,
ਤਿੱਖਾ ਕਲਮਾਂ ਨੂੰ ਕਰ ਲਈਏ ਹੋਰ ਹੈ ਜੀ।
ਤੁਹਾਡੇ ਵੱਲ ਹੈ ਵੇਂਹਦੀ ਅੱਜ ਕੁੱਲ ਦੁਨੀਆਂ,
ਇਸ ਗੱਲ ਦੀ ਡਾਢੀ ਅੱਜ ਲੋੜ ਹੈ ਜੀ।।
ਲਿਖੋ ਭਲਾਈ ਅਤੇ ਸਚਾਈ ਲਈ ਸਾਰੇ,
ਰੱਖੋ ਬਿਲਕੁੱਲ ਨਾ ਦਿਲਾਂ ਵਿੱਚ ਖੋਰ ਹੈ ਜੀ।
ਚੰਦ ਕੁ ਛਿਲੜਾਂ ਪਿੱਛੇ ਨਾ ਕਿਧਰੇ ਵਿਕ ਜਾਇਓ,
ਤੁਸੀਂ ਸੁਣੋਂ ਸਾਰੇ ਗੱਲ ਇਹ ਕਰਕੇ ਗੌਰ ਹੈ ਜੀ।
ਕਦੇ ਕਲਮ ਦੀ ਤਾਕਤ ਅਜਾਈਂ ਨਹੀਂ ਜਾਂਦੀ,
ਕੋਈ ਕਲਮ ਹੁੰਦੀ ਨਹੀਂ ਕਦੇ ਕਮਜ਼ੋਰ ਹੈ ਜੀ।
ਮਰ ਮਿਟਦੀਆਂ ਸਚਾਈ ਲਈ ਜੋ ਕਲਮਾਂ,
ਅੱਜ ਕੱਲ ਓਨਾਂ ਦੀ ਬਹੁਤ ਹੀ ਥੋੜ ਹੈ ਜੀ ।
ਕਲਮ ਨਾਲ ਸੀ ਔਰੰਗੇ ਨੇ ਪ੍ਰਾਣ ਤਿਆਗੇ,
ਨਹੀਂ ਸਤਿਗੁਰਾਂ ਮਚਾਇਆ ਕੋਈ ਸ਼ੋਰ ਹੈ ਸੀ।
ਦੱਦਾਹੂਰ ਓਸ ਕਲਮ ਨੂੰ ਸਦਾ ਨਮਨ ਕਰਦਾ,
ਜੋ ਆਪਣੇ ਮਿਸ਼ਨ ਲਈ ਸਦਾ ਕਠੋਰ ਹੈ ਜੀ।

ਸਟੇਟ ਐਵਾਰਡੀ ਜਿਲ੍ਹਾ ਪ੍ਰਧਾਨ
ਭਾਸ਼ਾ ਅਤੇ ਸਾਹਿਤ ਸੈਲ
ਸ਼੍ਰੀ ਮੁਕਤਸਰ ਸਾਹਿਬ
ਜਸਵੀਰ ਸ਼ਰਮਾਂ ਦੱਦਾਹੂਰ
95691-49556

## ਅੱਖਾਂ ਵਾਰ ਵਾਰ ਰੋਣਗੀਆਂ, ਜਦ ਔਖੇ ਰਾਹ ਤੁਰਨਗੇ ਕਦਮ



ਅੱਖਾਂ ਵਾਰ ਵਾਰ ਰੋਣਗੀਆਂ, ਜਦ ਔਖੇ ਰਾਹ ਤੁਰਨਗੇ ਕਦਮ। ਬੁੱਲ੍ਹ ਵਾਰ ਵਾਰ ਮੁਸਕਰਾਉਣਗੇ ਜਦ ਔਖੇ ਰਾਹਾਂ ਨੂੰ ਸਰ ਕਰੋਗੇ। ਇਹ ਕੁਦਰਤੀ ਸਿਲਸਿਲਾ ਹੈ, ਡਿੱਗਣ ਦਾ ਉੱਠਣ ਦਾ, ਬੱਸ ਜ਼ਿੱਦ ਇਹ ਹੋਣੀ ਚਾਹੀਦੀ ਕਿ ਰੋਣ ਤੇ ਹੱਥਿਆਰ ਨਹੀਂ ਛੱਡਣੇ, ਮੁਸਕਰਾਉਣ ਤੇ ਹੀ ਅੰਤ ਹੋਵੇ... ! ਹਾਰ ਤੇ ਹਾਰਨਾ ਨਹੀਂ, ਕੋਸ਼ਿਸ਼ ਬਰਕਰਾਰ ਰੱਖ ਫੇਰ ਉੱਠਣਾ, ਜਿੱਤ ਹਾਸਿਲ ਕਰਨੀ, ਮੰਜ਼ਿਲਾਂ ਤੱਕ ਪਹੁੰਚਣਾ ਚਾਹੇ ਡਿੱਗਦੇ ਢਹਿੰਦੇ ਹੀ। ਇਹ ਜ਼ੋਰ ਦੀ ਦੁਨੀਆਂ ਹੈ, ਦਫ਼ਨ ਕਰਨਾ, ਕੁਚਲਣਾ, ਮੁਕਾਉਣਾ ਚਾਹੁੰਦੀ ਹੈ.. ਪਰ ਅਸੀਂ ਫੇਰ ਪੁੰਗਰਨਾ, ਖ਼ਿੜਨਾ ਹੈ .. ਸਾਹ ਲੈਣਾ!

"ਹਾਰਦੀਆਂ ਨਹੀਂ, ਸਬਰ ਬਣ ਜਾਂਦੀਆਂ ਨੇ।
ਮਰਦੀਆਂ ਨਹੀਂ, ਅਮਰ ਬਣ ਜਾਂਦੀਆਂ ਨੇ।
ਹਨ੍ਹੇਰਿਆਂ ਵਿੱਚ, ਚਾਨਣੀ ਨਜ਼ਰ ਬਣ ਜਾਂਦੀਆਂ ਨੇ।
ਮਲੂਕ ਜਿਹੀਆਂ ਤਿਤਲੀਆਂ, ਮਗਰ ਬਣ ਜਾਂਦੀਆਂ ਨੇ।
ਆਪਣੇ ਗ਼ਮਾਂ ਦੀ, ਕਬਰ ਬਣ ਜਾਂਦੀਆਂ ਨੇ।
ਚੀਰਦੀਆਂ ਜਦ ਪਹਾੜ, 'ਟਾਂਗਰਾ' ਫਿਰ ਖ਼ਬਰ ਬਣ ਜਾਂਦੀਆਂ ਨੇ।"

ਲੇਖਕ : ਮਨਦੀਪ ਕੌਰ ਟਾਂਗਰਾ।

## ਸਵੇਰ ਸੁਨੇਹਾ



ਮਾਨ ਸਨਮਾਨ ਹਰੇਕ ਵਿਅਕਤੀ ਦਾ ਕਰੋ। ਜਿੱਥੇ ਤੱਕ ਹੋ ਸਕੇ ਕਿ ਪਸ਼ੂ, ਪੰਛੀ, ਜਾਨਵਰਾਂ, ਫੁੱਲ ਬੂਟੇ, ਪੌਦਿਆਂ, ਦਰੱਖਤਾਂ ਦਾ ਵੀ। ਕੁੱਝ ਕੁ ਪਲ ਸੋਚ ਕੇ,ਕੀ ਉਹ ਕਾਬਿਲ ਹੈ ਜਾਂ ਨਹੀਂ।

ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
8146593089







# ਹਿਮੋਫੀਲੀਆ ਦੀ ਮਰਜ਼ ਹੈ ਕੀ ? ਡਾ ਅਜੀਤਪਾਲ ਸਿੰਘ ਐਮ ਡੀ



ਇਹ ਇੱਕ ਅਜਿਹੀ ਖੂਨ ਦੀ ਬਿਮਾਰੀ ਹੈ ਜਿਸ ਵਿੱਚ ਖੂਨ ਵਿੱਚ ਲੋੜੀਂਦਾ ਕਲੌਟਿੰਗ ਫੈਕਟਰn (ਜਮਾਉਣ ਵਾਲਾ ਤੱਤ) ਨਹੀਂ ਹੁੰਦਾ, ਜਿਸ ਕਾਰਨ ਸੱਟ ਲੱਗਣ 'ਤੇ ਖੂਨ ਵਗਣਾ ਬੰਦ ਹੋਣ ਵਿੱਚ ਬਹੁਤ ਸਮਾਂ ਲੱਗਦਾ ਹੈ । ਇਹ ਬਿਮਾਰੀ ਮੁੱਖ ਤੌਰ 'ਤੇ ਮਰਦਾਂ ਨੂੰ ਪ੍ਰਭਾਵਿਤ ਕਰਦੀ ਹੈ ।

ਮੁੱਖ ਕਿਸਮਾਂ

· ਹੀਮੋਫੀਲੀਆ ਏ (Hemophilia A) : ਫੈਕਟਰ VIII (8) ਦੀ ਕਮੀ ਕਾਰਨ ਹੁੰਦਾ ਹੈ। ਲਗਭਗ 80% ਮਰੀਜ਼ ਇਸੇ ਕਿਸਮ ਦੇ ਹੁੰਦੇ ਹਨ ।

· ਹੀਮੋਫੀਲੀਆ ਬੀ (Hemophilia B) : ਫੈਕਟਰ IX (9) ਦੀ ਕਮੀ ਕਾਰਨ ਹੁੰਦਾ ਹੈ ।

ਗੰਭੀਰਤਾ (Severity)

ਬਿਮਾਰੀ ਦੀ ਗੰਭੀਰਤਾ ਖੂਨ ਵਿੱਚ ਫੈਕਟਰ ਦੀ ਮਾਤਰਾ 'ਤੇ ਨਿਰਭਰ ਕਰਦੀ ਹੈ :

· ਸਧਾਰਨ (Mild) : 5-40% ਫੈਕਟਰ ਐਕਟੀਵਿਟੀ। ਆਮ ਤੌਰ 'ਤੇ ਵੱਡੀ ਸਰਜਰੀ ਜਾਂ ਸੱਟ ਲੱਗਣ 'ਤੇ ਹੀ ਖੂਨ ਵਗਦਾ ਹੈ।

· ਦਰਮਿਆਨੀ (Moderate) : 1-5% ਫੈਕਟਰ ਐਕਟੀਵਿਟੀ। ਮਾਮੂਲੀ ਸੱਟ ਲੱਗਣ 'ਤੇ ਵੀ ਖੂਨ ਵਗ ਸਕਦਾ ਹੈ।

· ਗੰਭੀਰ (Severe) : 1% ਤੋਂ ਵੀ ਘੱਟ ਫੈਕਟਰ। ਅਕਸਰ ਬਿਨਾਂ ਕਿਸੇ ਸੱਟ ਦੇ ਆਪਣੇ ਆਪ (spontaneously) ਖੂਨ ਵਗਣ ਲੱਗ ਪੈਂਦਾ ਹੈ, ਖਾਸ ਕਰਕੇ ਜੋੜਾਂ ਅਤੇ ਮਾਸਪੇਸ਼ੀਆਂ ਵਿੱਚ ।

ਕਾਰਨ (Cause) ਅਤੇ ਵਿਰਾਸਤ

ਇਹ ਬਿਮਾਰੀ X-ਕ੍ਰੋਮੋਸੋਮ ਨਾਲ ਜੁੜੀ ਹੋਈ ਹੈ :

· ਪੁੱਤਰ : ਜੇ ਮਾਂ ਕੈਰੀਅਰ ਹੈ, ਤਾਂ ਪੁੱਤਰ ਨੂੰ ਬਿਮਾਰੀ ਹੋਣ ਦੀ 50% ਸੰਭਾਵਨਾ ਹੁੰਦੀ ਹੈ।

· ਧੀਆਂ : ਜੇ ਪਿਤਾ ਨੂੰ ਹੀਮੋਫੀਲੀਆ ਹੈ, ਤਾਂ ਧੀ ਲਾਜ਼ਮੀ ਕੈਰੀਅਰ ਬਣਦੀ ਹੈ (ਆਮ ਤੌਰ 'ਤੇ ਲੱਛਣ ਨਹੀਂ ਦਿਖਾਈ ਦਿੰਦੇ)।

· ਨਵਾਂ ਬਦਲਾਅ (Spontaneous Mutation) : ਲਗਭਗ 30% ਮਾਮਲਿਆਂ ਵਿੱਚ, ਬਿਮਾਰੀ ਦਾ ਪਰਿਵਾਰਕ ਇਤਿਹਾਸ ਨਹੀਂ ਹੁੰਦਾ ਅਤੇ ਇਹ ਜੀਨ ਵਿੱਚ ਨਵੇਂ ਬਦਲਾਅ ਕਾਰਨ ਹੁੰਦੀ ਹੈ ।

ਲੱਛਣ (Signs & Symptoms)

· ਜੋੜਾਂ ਵਿੱਚ ਦਰਦ ਅਤੇ ਸੋਜ (Hemarthrosis): ਗੋਡੇ, ਗਿੱਟੇ, ਕੂਹਣੀਆਂ ਵਿੱਚ ਖੂਨ ਭਰਨਾ ।

· ਮਾਸਪੇਸ਼ੀਆਂ ਵਿੱਚ ਖੂਨ ਜਮ੍ਹਾਂ ਹੋਣਾ (Hematomas)।

· ਮਾਮੂਲੀ ਕੱਟ-ਵੱਢ ਤੋਂ ਲੰਮਾ ਸਮਾਂ ਖੂਨ ਵਗਣਾ।

· ਸਿਰ ਵਿੱਚ ਸੱਟ ਲੱਗਣ 'ਤੇ ਗੰਭੀਰ ਖਤਰਾ (Intracranial bleeding) ।

· ਨਵਜਾਤ ਬੱਚਿਆਂ ਵਿੱਚ : ਜ਼ਿਆਦਾ ਡੇਰਾ ਚੱਲਣ ਵਾਲਾ (Prolonged) ਜਨਮ ਜਾਂ ਸੁੰਨਤ ਕਰਨ 'ਤੇ ਬਹੁਤ ਜ਼ਿਆਦਾ ਖੂਨ ਵਗਣਾ ।

ਇਲਾਜ (Treatment)

ਹੀਮੋਫੀਲੀਆ ਦਾ ਇਲਾਜ ਖੂਨ ਵਿੱਚ ਘੱਟ ਹੋਏ ਕਲੌਟਿੰਗ ਫੈਕਟਰ ਨੂੰ ਪੂਰਾ ਕਰਨ 'ਤੇ ਕੇਂਦਰਿਤ ਹੈ।

1. ਰਿਪਲੇਸਮੈਂਟ ਥੈਰੇਪੀ (Replacement Therapy)

ਇਹ ਇਲਾਜ ਦਾ ਮੁੱਖ ਆਧਾਰ ਹੈ। ਮਰੀਜ਼ ਨੂੰ ਸਿੱਧੇ ਨਾੜੀ (IV) ਰਾਹੀਂ ਫੈਕਟਰ VIII ਜਾਂ IX ਦਿੱਤਾ ਜਾਂਦਾ ਹੈ ।

· ਡਿਮਾਂਡ ਥੈਰੇਪੀ (On-demand) : ਖੂਨ ਵਗਣ 'ਤੇ ਇਲਾਜ ਕੀਤਾ ਜਾਂਦਾ ਹੈ।

· ਪ੍ਰੋਫਾਈਲੈਕਸਿਸ (Prophylaxis) : ਖੂਨ ਵਗਣ ਤੋਂ ਪਹਿਲਾਂ ਹੀ ਨਿਯਮਿਤ ਤੌਰ 'ਤੇ (ਹਫਤੇ ਵਿੱਚ 2-3 ਵਾਰ) ਫੈਕਟਰ ਦਿੱਤਾ ਜਾਂਦਾ ਹੈ ਤਾਂ ਜੋ ਖੂਨ ਵਗਣ ਤੋਂ ਰੋਕਿਆ ਜਾ ਸਕੇ। ਇਹ ਤਰੀਕਾ ਜੋੜਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਬਹੁਤ ਪ੍ਰਭਾਵਸ਼ਾਲੀ ਹੈ ।

2. ਗੈਰ-ਫੈਕਟਰ ਥੈਰੇਪੀ (Non-Factor Therapies / Newer Innovations)

ਹਾਲ ਹੀ ਦੇ ਸਾਲਾਂ ਵਿੱਚ ਨਵੇਂ ਇਲਾਜ ਆਏ ਹਨ ਜੋ ਫੈਕਟਰ ਦੇ ਬਿਨਾਂ ਵੀ ਖੂਨ ਨੂੰ ਜੰਮਣ ਵਿੱਚ ਮਦਦ ਕਰਦੇ ਹਨ:

· ਐਮੀਸੀਜ਼ੁਮੈਬ (Emicizumab) : ਇਹ ਚਮੜੀ ਹੇਠ ਲੱਗਣ ਵਾਲਾ ਇੰਜੈਕਸ਼ਨ ਹੈ। ਖਾਸ ਗੱਲ ਇਹ ਹੈ ਕਿ ਹੀਮੋਫੀਲੀਆ ਏ ਦੇ ਮਰੀਜ਼ ਇਸ ਨੂੰ ਹਫਤੇ ਵਿੱਚ ਇੱਕ ਵਾਰ ਜਾਂ ਮਹੀਨੇ ਵਿੱਚ ਇੱਕ ਵਾਰ ਲੈ ਸਕਦੇ ਹਨ, ਜਿਸ ਨਾਲ ਇਲਾਜ ਬਹੁਤ ਸੌਖਾ ਹੋ ਜਾਂਦਾ ਹੈ।

· ਰੀਬੈਲੇਂਸਿੰਗ ਏਜੰਟ : ਇਹ ਦਵਾਈਆਂ (ਜਿਵੇਂ Fitusiran) ਖੂਨ ਨੂੰ ਪਤਲਾ ਕਰਨ ਵਾਲੇ ਨੈਚੁਰਲ ਪ੍ਰੋਟੀਨ (Antithrombin) ਨੂੰ ਘਟਾ ਕੇ ਜਮਾਅਣ ਦੀ ਪ੍ਰਕਿਰਿਆ ਨੂੰ ਆਮ ਕਰਦੀਆਂ ਹਨ ।

3. ਜੀਨ ਥੈਰੇਪੀ (Gene Therapy)

ਇਹ ਹੀਮੋਫੀਲੀਆ ਦੇ ਇਲਾਜ ਵਿੱਚ ਇੱਕ ਕ੍ਰਾਂਤੀ ਹੈ। ਇਸ ਵਿੱਚ ਲਿਵਰ ਵਿੱਚ ਫੈਕਟਰ VIII ਜਾਂ IX ਬਣਾਉਣ ਵਾਲਾ ਜੀਨ ਪਹੁੰਚਾਇਆ ਜਾਂਦਾ ਹੈ, ਤਾਂ ਜੋ ਮਰੀਜ਼ ਦਾ ਸਰੀਰ ਖੁਦ ਫੈਕਟਰ ਬਣਾਉਣ ਲੱਗ ਪਵੇ। ਭਾਰਤ ਵਿੱਚ ਵੀ ਹੀਮੋਫੀਲੀਆ ਏ ਲਈ ਜੀਨ ਥੈਰੇਪੀ ਦੇ ਕਲੀਨਿਕਲ ਟ੍ਰਾਇਲ ਸਫਲਤਾਪੂਰਵਕ ਹੋ ਰਹੇ ਹਨ

ਬਚਾਅ (Prevention) ਅਤੇ ਦੇਖਭਾਲ :

ਹੀਮੋਫੀਲੀਆ ਇੱਕ ਜੈਨੇਟਿਕ ਬਿਮਾਰੀ ਹੈ, ਇਸ ਲਈ ਇਸਨੂੰ ਪੂਰੀ ਤਰ੍ਹਾਂ ਰੋਕਿਆ ਨਹੀਂ ਜਾ ਸਕਦਾ, ਪਰ ਜਟਿਲਤਾਵਾਂ (complications) ਤੋਂ ਬਚਾਅ ਕੀਤਾ ਜਾ ਸਕਦਾ ਹੈ:

· ਪ੍ਰੋਫਾਈਲੈਕਸਿਸ : ਜਿਵੇਂ ਉੱਪਰ ਦੱਸਿਆ ਗਿਆ ਹੈ, ਨਿਯਮਿਤ ਇਲਾਜ (Regular shots) ਖੂਨ ਵਗਣ ਅਤੇ ਜੋੜਾਂ ਦੇ ਵਿਗਾੜ ਨੂੰ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੈ ।

· ਟੀਕਾਕਰਨ (Vaccination) : ਹੀਮੋਫੀਲੀਆ ਮਰੀਜ਼ਾਂ ਨੂੰ ਹੈਪੇਟਾਈਟਸ ਏ ਅਤੇ ਬੀ ਤੋਂ ਬਚਾਅ ਲਈ ਟੀਕੇ ਲਗਵਾਉਣੇ ਚਾਹੀਦੇ ਹਨ, ਖਾਸ ਕਰਕੇ ਜੇ ਉਹ ਪੁਰਾਣੇ ਜ਼ਮਾਨੇ ਦੇ ਖੂਨ ਤੋਂ ਬਣੇ ਫੈਕਟਰ ਲੈ ਰਹੇ ਹੋਣ।

· ਦੰਦਾਂ ਅਤੇ ਸਰਜਰੀ ਦੀ ਤਿਆਰੀ : ਕਿਸੇ ਵੀ ਦੰਦਾਂ ਦੇ ਇਲਾਜ ਜਾਂ ਆਪਰੇਸ਼ਨ ਤੋਂ ਪਹਿਲਾਂ ਡਾਕਟਰ ਨੂੰ ਜ਼ਰੂਰ ਦੱਸੋ ਤਾਂ ਜੋ ਉਹ ਪਹਿਲਾਂ ਤੋਂ ਫੈਕਟਰ ਦੀ ਡੋਜ਼ ਦੇ ਸਕੇ ।

· ਪਰਿਵਾਰ ਨਿਯੋਜਨ : ਜੇਕਰ ਪਰਿਵਾਰ ਵਿੱਚ ਹੀਮੋਫੀਲੀਆ ਦਾ ਇਤਿਹਾਸ ਹੈ ਤਾਂ, ਬੱਚਾ ਪੈਦਾ ਕਰਨ ਤੋਂ ਪਹਿਲਾਂ ਜੈਨੇਟਿਕ ਕਾਉਂਸਲਿੰਗ ਅਤੇ ਪ੍ਰੀਨੇਟਲ ਟੈਸਟਿੰਗ (ਜਿਵੇਂ ਕਿ chorionic villus sampling) ਕਰਵਾਉਣੀ ਚਾਹੀਦੀ ਹੈ ।

· ਸਾਵਧਾਨੀਆਂ : ਖੂਨ ਪਤਲਾ ਕਰਨ ਵਾਲੀਆਂ ਦਵਾਈਆਂ (ਜਿਵੇਂ ਅਸਪਰੀਨ) ਤੋਂ ਬਚੋ। ਬੱਚਿਆਂ ਨੂੰ ਸੰਭਾਲ ਕੇ ਰੱਖੋ ਅਤੇ ਸੰਪਰਕ ਵਾਲੇ ਖੇਡਾਂ (ਜਿਵੇਂ ਕਿ ਫੁੱਟਬਾਲ) ਲਈ ਗਾਰਡ ਪਹਿਨੋ।

ਭਾਰਤ ਵਿੱਚ ਮੌਜੂਦਾ ਸਥਿਤੀ ਅਤੇ ਸਹਾਇਤਾ :

· ਸਰਕਾਰੀ ਸਕੀਮਾਂ : ਕਰਨਾਟਕ ਦੀ 'ਕੁਸੁਮਾ ਸੰਜੀਵਨੀ' ਸਕੀਮ ਵਾਂਗੂੰ, ਕੁਝ ਰਾਜ ਸਰਕਾਰਾਂ ਮੁਫਤ ਇਲਾਜ ਮੁਹੱਈਆ ਕਰਵਾ ਰਹੀਆਂ ਹਨ ।

· ਸੰਸਥਾਵਾਂ ਦੀ ਮਦਦ : World Federation of Hemophilia (WFH) ਭਾਰਤ ਵਿੱਚ "ਹੀਮੋਫੀਲੀਆ ਫੈਡਰੇਸ਼ਨ ਆਫ਼ ਇੰਡੀਆ" ਰਾਹੀਂ ਕਲੌਟਿੰਗ ਫੈਕਟਰ ਮੁਹੱਈਆ ਕਰਵਾ ਰਹੀ ਹੈ। 2024 ਵਿੱਚ ਭਾਰਤ ਨੂੰ ਲਗਭਗ 6.8 ਕਰੋੜ ਯੂਨਿਟ ਫੈਕਟਰ ਦਾਨ ਕੀਤਾ ਗਿਆ ।

· ਇਲਾਜ ਕੇਂਦਰ : ਦੇਸ਼ ਭਰ ਵਿੱਚ ਹੀਮੋਫੀਲੀਆ ਟ੍ਰੀਟਮੈਂਟ ਸੈਂਟਰ ਬਣਾਏ ਜਾ ਰਹੇ ਹਨ, ਅਤੇ CMC ਲੁਧਿਆਣਾ ਵਰਗੇ ਸੈਂਟਰਾਂ ਵਿੱਚ ਮੁਸ਼ਕਲ ਆਪਰੇਸ਼ਨ (ਜਿਵੇਂ ਕਿ Knee Replacement) ਸਫਲਤਾਪੂਰਵਕ ਕੀਤੇ ਜਾ ਰਹੇ ਹਨ ।

ਕੁੱਲ ਮਿਲਾ ਕੇ, ਜੇਕਰ ਸਮੇਂ ਸਿਰ ਸਹੀ ਇਲਾਜ ਮਿਲ ਜਾਵੇ ਅਤੇ ਬਚਾਅ/ ਪ੍ਰੋਫਾਈਲੈਕਸਿਸ (Prevention) 'ਤੇ ਧਿਆਨ ਦਿੱਤਾ ਜਾਵੇ, ਤਾਂ ਹੀਮੋਫੀਲੀਆ ਦਾ ਮਰੀਜ਼ ਆਮ ਜੀਵਨ ਜੀ ਸਕਦਾ ਹੈ।

# ਦੋਸਤੋ ਏਨੀ ਪੱਥਰ ਦਿਲ ਔਰਤ ਵੀ ਕੋਈ ਹੋ ਸਕਦੀ ਆ ਕਦੇ ਨੀ ਸੋਚਿਆ ਸੀ



ਦੋਸਤੋ ਏਨੀ ਪੱਥਰ ਦਿਲ ਔਰਤ ਵੀ ਕੋਈ ਹੋ ਸਕਦੀ ਆ ਕਦੇ ਨੀ ਸੋਚਿਆ ਸੀ, ਜਿਸ ਸਮੇਂ ਇਸ ਗ਼ਰੀਬ ਨੂੰ ਆਪਣੀ ਘਰ ਵਾਲੀ ਦੀ ਜਿਆਦਾ ਜਰੂਰਤ ਸੀ ਉਦੋਂ ਉਹ ਇਸਨੂੰ ਤੇ ਇਸਦੇ ਦੋ ਸਾਲ ਦੇ ਨੰਨ੍ਹੇ ਜਿਹੇ ਜਵਾਕ ਨੂੰ ਛੱਡ ਗਈ,

ਦੋਸਤੋ ਇਸ ਵੀਰ ਦਾ ਨਾਮ ਬੂਟਾ ਆ ਤੇ ਇਸਦਾ ਪਿੰਡ ਖੁੱਡੀ ਕਲਾਂ ਆਂ ਜੋ ਬਰਨਾਲੇ ਜਿਲੇ ਚ ਪੈਂਦਾ ਆ, ਬੂਟੇ ਦਾ ਮਾਂ ਪਿਓ ਪਹਿਲਾਂ ਹੀ ਚਲ ਵਸੇ ਸੀ ਤੇ ਇੱਕ ਭੈਣ ਆਂ ਜੋ ਵਿਆਹੀ ਹੋਈ ਆ, ਬੂਟਾ ਘਰ ਦੇ ਗੁਜਾਰੇ ਲਈ ਪੈਟਰੋਲ ਪੰਪ ਤੇ ਕੰਮ ਕਰਦਾ ਸੀ, ਜਿੰਨੇ ਕੂ ਮਹੀਨੇਂ ਚ ਕਮਾਉਂਦਾ ਸੀ ਓਨੇ ਕੂ ਮਹੀਨੇਂ ਚ ਲੱਗ ਜਾਂਦੇ, ਫਿਰ ਇਕ ਦਿਨ ਅਚਾਨਕ ਕੋਈ ਕਾਰ ਵਾਲਾ ਇਸਨੂੰ ਫੇਟ ਮਾਰ ਗਿਆ ਤੇ ਇਸਦੇ ਸਿਰ ਤੇ ਸੱ...ਲੱਗ ਗਈ, ਵੀਰ ਮੰਜੇ ਤੇ ਪੈ ਗਿਆ ਕਿਉਂਕੇ ਸੱ... ਜਿਆਦਾ ਭਿਆਨਕ ਸੀ ਤੇ ਵੀਰ ਹਿਲ ਜੁਲ ਵੀ ਨਹੀਂ ਸਕਦਾ ਸੀ, ਇਸ ਕੋਲ ਕੋਈ ਵੀ ਜਮੀਨ ਜਾਇਦਾਦ ਨਹੀਂ ਸੀ ਬਸ ਇਸਦੀ ਨੌਕਰੀ ਸਿਰ ਤੇ ਘਰ ਚਲਦਾ ਸੀ, ਪਿੰਡ ਵਾਲਿਆ ਦਾ ਧਨਵਾਦ ਕਰਨਾ ਬਣਦਾ ਆ ਜਿੰਨਾ ਪਿੰਡ ਚੋਂ ਅੱਠ ਲੱਖ ਰੁਪਏ ਇਕੱਠੇ ਕਰਕੇ ਵੀਰ ਦਾ ਇਲਾਜ ਕਰਵਾਇਆ ਪਰ ਕੋਈ ਜਿਆਦਾ ਫਰਕ ਨਹੀਂ ਪਿਆ ਕਿਉਂਕਿ ਵੀਰ ਦਾ ਅੱਧਾ ਸਰੀਰ ਜਾਣੀ ਸੱਜੀ ਬਾਹ ਸੱਜੀ ਲੱਤ ਵਾਲਾ ਹਿੱਸਾ ਕੰਮ ਨੀ ਕਰਦਾ, ਫਿਰ ਰਹਿੰਦੀ ਕਸਰ ਘਰ ਵਾਲੀ ਨੇ ਕੱਢ ਦਿੱਤੀ, ਉਹ ਵੀ ਇਸ ਨੂੰ ਠੀਕ ਨਾ ਹੁੰਦਾ ਦੇਖ਼ ਇਸਨੂੰ ਤੇ ਛੋਟੇ ਬੱਚੇ ਨੂੰ ਛੱਡ ਗਈ ਮਤਲਬ ਉਹ ਆਪਣੀ ਔਕਾਤ ਦਿਖਾ ਗਈ, ਉਸ ਔਰਤ ਨੂੰ ਮੈ ਕਹਿੰਨਾ ਚਾਹੁੰਦਾ ਆ ਕੇ ਤੂੰ ਔਖੇ ਵੇਲੇ ਆਪਣੇ ਘਰ ਵਾਲੇ ਤੇ ਬੱਚੇ ਨੂੰ ਛੱਡ ਕੇ ਚਲੀ ਗਈ ਏਂ ਤੂੰ ਕਦੇ ਵੀ ਚੈਨ ਨਾਲ ਨਹੀਂ ਜੀਅ ਸਕਦੀ,, ਇਹ ਮੇਰੀ ਹਾਏ ਆ ਤੈਨੂੰ, ਅਜੇ ਵੀ ਡੁੱਲੇ ਬੇਰਾਂ ਦਾ ਕੁੱਝ ਨੀ ਵਿਗੜਿਆ, ਇਸ ਸਮੇਂ ਤੇਰੇ ਬੱਚੇ ਤੇ ਤੇਰੇ ਘਰ ਵਾਲੇ ਨੂੰ ਬਹੁਤ ਲੋੜ ਆ ਤੇਰੀ, ਆਪਣੇ ਘਰ ਜਾ ਤੇ ਉਸਦੀ ਦਵਾਈ ਬੂਟੀ ਕਰਵਾ ਜਾ ਕੇ ਤਾਂ ਕੇ ਉਹ ਠੀਕ ਹੋ ਕੇ ਬਾਅਦ ਚ ਤੁਹਾਡਾ ਧਿਆਨ ਰੱਖ ਸਕੇ

ਬਾਕੀ ਰਿਸ਼ਤਿਆਂ ਦੀ ਅਸਲੀਅਤ ਔਖੇ ਵੇਲੇ ਹੀ ਪਤਾ ਲਗਦੀ ਆ,ਜਿਸ ਵਕਤ ਇਸ ਵੀਰ ਤੇ ਇਸਦੇ ਬੱਚੇ ਨੂੰ ਸਭ ਤੋਂ ਜਿਆਦਾ ਸਹਾਰੇ ਦੀ ਲੋੜ ਸੀ,ਉਸੇ ਵਕਤ ਇਸਦੀ ਘਰ ਵਾਲੀ ਨੇ ਮੂੰਹ ਫੇਰ ਲਿਆ,ਪਿਤਾ ਅਤੇ ਬੱਚੇ ਦੀ ਇਸ ਇਕੱਲਤਾ ਦਾ ਜਵਾਬ ਸ਼ਾਇਦ ਵਕਤ ਹੀ ਦੇਵੇਗਾ

# ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਦੂਰੀਆਂ...**

ਜਿਆਦਾ ਦੂਰੀਆਂ ਵਧਣਾ ਖਤਰਨਾਕ ਹੁੰਦੈ। ਸ਼ੰਕਾਵਾਂ ਪੈਦਾ ਹੋਣ ਲੱਗ ਪੈਂਦੀਆਂ ਨੇ। ਭਰੋਸਗੀ ਨੂੰ ਲਗਾਤਾਰ ਖੋਰਾ ਲੱਗਦੈ। ਬੇਚੈਨੀ ਵੱਧ ਜਾਂਦੀ ਹੈ॥ ਜਿੱਥੇ ਪਿਆਰ ਮੁਹੱਬਤ, ਸਤਿਕਾਰ ਅਤੇ ਸਨਮਾਨ ਦੇ ਦਰਿਆ ਵਹਿੰਦੇ ਹੋਣ ਉੱਥੇ ਮਨਾਂ ਅੰਦਰ ਦੂਰੀਆਂ ਪੈਦਾ ਹੋਣ ਦੀ ਗੁੰਜ਼ਾਇਸ਼ ਘੱਟ ਹੁੰਦੀ ਹੈ॥ ਚੁਗਲੀਆਂ ਕਰਨ ਦੀ ਆਦਤ ਰੱਖੋਗੇ ਤਾਂ ਇੱਕ ਨਾ ਇੱਕ ਦਿਨ ਸਾਥੀਆਂ ਤੋਂ ਦੂਰੀਆਂ ਵੱਧਣ ਲੱਗ ਪੈਣਗੀਆਂ॥

**ਦਰਸ਼ਕ...**

ਪਰਫਾਰਮੈਂਸ ਕਰਦਿਆਂ ਦਰਸ਼ਕਾਂ ਦਾ ਲਗਾਤਾਰ ਮਿਲਦਾ ਹੁੰਗਾਰਾ ਸਟੇਜ ਦੇ ਮਹੌਲ ਨੂੰ ਸੰਜ਼ੀਦਗੀ ਦੀ ਸਿਖਰ ਤੱਕ ਲੈ ਹੀ ਜਾਂਦੈ॥ ਰਾਜਨੀਤਕ ਰੈਲੀਆਂ ਦੇ ਦਰਸ਼ਕ (ਵੋਟਰ/ ਸਪੋਟਰ) ਅਤੇ ਕੱਠ ਕਰਨ ਵਾਲੇ ਨੇਤਾ ਇੱਕ ਦੂਸਰੇ ਨੂੰ ਮੂਰਖ ਬਨਾਉਣ ਤੋਂ ਵੱਧ ਕੁੱਝ ਨਹੀਂ ਕਰਦੇ। ਦੋਵੇਂ ਧਿਰਾਂ ਦੀ ਮੌਜ ਮਸਤੀ ਅਤੇ ਸੁਆਰਥ ਭਰੀਆਂ ਅਦਾਵਾਂ ਹੀ ਭਾਰੂ ਰਹਿੰਦੀਆਂ ਨੇ॥ ਜਗਤ ਤਮਾਸ਼ੇ 'ਚ ਖੁਭਣ ਦੀ ਬਜਾਏ ਖੁੱਦ ਨੂੰ ਦਰਸ਼ਕ ਤੇ ਐਕਟਰ ਸਮਝਣ ਵਾਲਾ ਜ਼ਿੰਦਗੀ ਦੇ ਸਫ਼ਰ ਦਾ ਆਨੰਦ ਖੂਬ ਲੈਂਦੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

## ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਸੰਪਰਦਾਇ ਦੇ ਜਥੇਦਾਰ ਬਾਬਾ ਬੀਰਾ ਸਿੰਘ ਜੀ ਨੇ ਸੰਗਤ ਨੂੰ ਸਿਰੋਪਾਉ ਦੇ ਕੇ ਜੈਕਾਰਿਆਂ ਦੀ ਗੂੰਜ ਵਿਚ ਜਥੇ ਦੀ ਰਵਾਨਗੀ ਕੀਤੀ



# ਬੰਗਲਾਦੇਸ਼ ਦੇ ਗੁਰਦੁਆਰਿਆਂ ਦੀ ਕਾਰ ਸੇਵਾ ਸਾਲ 2004 ਤੋਂ ਕਰਵਾ ਰਹੀ ਹੈ ਸੰਪਰਦਾਇ ਕਾਰ ਸੇਵਾ ਸਰਹਾਲੀ

ਚੋਹਲਾ ਸਾਹਿਬ 21 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਸੰਤ ਬਾਬਾ ਹਾਕਮ ਸਿੰਘ ਜੀ ਵਲੋਂ ਬੰਗਲਾਦੇਸ਼ ਦੇ ਗੁਰਦੁਆਰਿਆਂ ਦੀ ਕਾਰ ਸੇਵਾ ਸਾਲ 2004 ਤੋਂ ਚਲ ਰਹੀ ਹੈ, ਇਹਨਾਂ ਵਿੱਚ ਗੁਰਦੁਆਰਾ ਨਾਨਕਸ਼ਾਹੀ (ਢਾਕਾ), ਗੁਰਦੁਆਰਾ ਸੰਗਤ ਟੋਲਾ ਪਾ:੯ (ਢਾਕਾ), , ਗੁਰਦੁਆਰਾ ਸਿੱਖ ਟੈਂਪਲ ਅਸਟੇਟ (ਚਾਟੋਗ੍ਰਾਮ), ਗੁਰਦੁਆਰਾ ਸਾਹਿਬ (ਪਹਾੜਤਲੀ), ਗੁਰਦੁਆਰਾ ਗੁਰੂ ਨਾਨਕ ਮੰਦਰ (ਮਾਇਮਨ ਸਿੰਘ ) ਆਦਿ ਪ੍ਰਮੁੱਖ ਗੁਰਦੁਆਰੇ ਹਨ। ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਬੰਗਲਾਦੇਸ਼ ਦੇ ਗ੍ਰਹਿ ਮੰਤਰਾਲੇ ਦੇ ਸਹਿਯੋਗ ਨਾਲ ਸਾਲ ਵਿਚ ਦੋ ਵਾਰ ਸਿੱਖ ਸੰਗਤਾਂ ਨੂੰ ਬੰਗਲਾਦੇਸ਼ ਦੇ ਗੁਰਦੁਆਰਿਆਂ ਦੇ ਦਰਸ਼ਨ ਕਰਵਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ 20 ਅਪ੍ਰੈਲ ਸ਼ਾਮ ਨੂੰ ਹਾਵੜਾ ਮੇਲ ਟ੍ਰੇਨ ਰਾਹੀਂ 40 ਸਿੱਖ ਸ਼ਰਧਾਲੂਆਂ ਦਾ ਜੱਥਾ ਖਾਲਸਾ ਸਾਜਨਾ ਦਿਹਾੜਾ ਵੈਸਾਖੀ ਦੇ ਸੰਬੰਧ ਵਿਚ ਬੰਗਲਾਦੇਸ਼ ਲਈ ਰਵਾਨਾ ਹੋਇਆ, ਜੋ 22 ਅਪ੍ਰੈਲ ਸਵੇਰੇ ਹਾਵੜਾ (ਕੋਲਕਾਤਾ) ਪਹੁੰਚੇਗਾ ਅਤੇ 23 ਅਪ੍ਰੈਲ ਸ਼ਾਮ ਅੰਤਰਰਾਸ਼ਟਰੀ ਬੱਸਾਂ ਰਾਹੀਂ ਢਾਕਾ (ਬੰਗਲਾਦੇਸ਼) ਪਹੁੰਚੇਗਾ। ਗੁਰਦੁਆਰਾ ਨਾਨਕਸ਼ਾਹੀ ਢਾਕਾ ਵਿਖੇ24 ਅਪ੍ਰੈਲ ਨੂੰ ਹੋ ਰਹੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਮਾਗਮ ਵਿੱਚ ਸ਼ਾਮਿਲ ਹੋਵੇਗਾ। ਜ਼ਿਕਰਯੋਗ ਹੈ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਪੂਰਬ ਦੀ ਧਰਮ ਪ੍ਰਚਾਰ ਫੇਰੀ ਵੇਲੇ ਲਗਭਗ ਢਾਈ ਸਾਲ ਢਾਕਾ ਵਿਖੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੀ ਖਬਰ ਵੀ ਨੌਵੇਂ ਪਾਤਸ਼ਾਹ ਜੀ ਨੂੰ ਇਸੇ ਸਥਾਨ ਤੇ ਪ੍ਰਾਪਤ ਹੋਈ ਸੀ।

ਇਸ ਜਥੇ ਦੀ ਅਗਵਾਈ ਸੰਪਰਦਾਇ ਕਾਰ ਸੇਵਾ ਸਕੱਤਰ ਹਰਭਜਨ ਸਿੰਘ ਸੰਧੂ ਅਤੇ ਅਜਾਇਬ ਸਿੰਘ ਬੋਪਾਰਾਏ (ਪ੍ਰਧਾਨ, ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ, ਕਲਕੱਤਾ) ਕਰ ਰਹੇ ਹਨ। ਇਸ ਮੌਕੇ ਸ: ਸੰਧੂ ਨੇ ਦੱਸਿਆ ਕਿ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ, ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਕੋਲਕਾਤਾ, ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਕਮੇਟੀ ਢਾਕਾ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਨੂੰ ਗੁਰਦੁਆਰਾ ਨਾਨਕਸ਼ਾਹੀ ਢਾਕਾ ਬੰਗਲਾਦੇਸ਼ ਵਿਖੇ ਹੋਣਗੇ। ਇਸ ਸਮਾਗਮ ਉਪਰੰਤ ਵਲੋਂ ਗੁਰਦੁਆਰਾ ਸੰਗਤਟੋਲਾ ਪਾ: ਨੌਵੀਂ (ਢਾਕਾ), ਗੁਰਦੁਆਰਾ ਸਿੱਖ ਟੈਂਪਲ ਅਸਟੇਟ( ਚਾਟੋਗ੍ਰਾਮ), ਗੁਰਦੁਆਰਾ ਗੁਰੂ ਨਾਨਕ ਮੰਦਰ (ਮਾਇਮਨ ਸਿੰਘ) ਆਦਿ ਦੇ ਦਰਸ਼ਨ ਕਰਨ ਉਪਰੰਤ 2 ਮਈ ਨੂੰ ਵਾਪਸ ਅੰਮ੍ਰਿਤਸਰ ਪਰਤੇਗਾ।

ਅੱਜ ਅੰਮ੍ਰਿਤਸਰ ਤੋਂ ਸੰਗਤਾਂ ਨੂੰ ਸਿਰੋਪਾਓ ਦੇ ਕੇ ਜਥੇਦਾਰ ਬਾਬਾ ਬੀਰਾ ਸਿੰਘ ਜੀ ਨੇ ਜੈਕਾਰਿਆਂ ਦੀ ਗੂੰਜ ਵਿੱਚ ਜਥੇ ਨੂੰ ਰਵਾਨਾ ਕੀਤਾ। ਇਸ ਮੌਕੇ ਸੰਗਤ ਵਿੱਚ ਜਥੇਦਾਰ ਹਿੰਮਤ ਸਿੰਘ, ਜਥੇਦਾਰ ਥਲਬੀਰ ਸਿੰਘ, ਜਥੇਦਾਰ ਤਰਸੇਮ ਸਿੰਘ, ਸੁਰਿੰਦਰ ਸਿੰਘ ਸੋਹਲ, ਅਵਤਾਰ ਸਿੰਘ ਸੰਤੋਖ ਸਿੰਘ, ਭੁਪਿੰਦਰਪਾਲ ਸਿੰਘ ਲੁਧਿਆਣਾ, ਮਹਿਤਾਬ ਸਿੰਘ ਬੀਬੀ ਅਮਨਦੀਪ ਕੌਰ, ਬੀਬੀ ਜਸਬੀਰ ਕੌਰ, ਲਖਵਿੰਦਰ ਸਿੰ, ਅਮਰੀਕ ਸਿੰਘ ਫਤਿਹਗੜ੍ਹ ਸਾਹਿਬ, ਤੇਜ ਸਿੰਘ,ਸੁੱਚਾ ਸਿੰਘ, ਹਰਬੰਸ ਸਿੰਘ, ਬੀਬੀ ਕੁਲਵੰਤ ਕੌਰ ਚੰਡੀਗੜ੍ਹ, ਬੀਬੀ ਮਨਜੀਤ ਕੌਰ ਅਤੇ ਅਤੇ ਕਈ ਹੋਰ ਗੁਰਸਿੱਖ ਹਾਜ਼ਰ ਸਨ।

# ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਮਨਾਇਆ ਭਗਤ ਧੰਨਾ ਜੀ ਦਾ ਜਨਮ ਦਿਹਾੜਾ



ਫੋਟੋ ਕੈਪਸ਼ਨ: ਭਗਤ ਧੰਨਾ ਜੀ ਦੇ ਜਨਮ ਦਿਹਾੜੇ ਮੌਕੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਰਵਾਏ ਸਮਾਗਮ ਦੌਰਾਨ ਅਰਦਾਸ 'ਚ ਹਾਜ਼ਰ ਸੰਗਤਾਂ।

ਅੰਮ੍ਰਿਤਸਰ, 21 ਅਪ੍ਰੈਲ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਭਗਤ ਧੰਨਾ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਸਰਵਣ ਸਿੰਘ ਨੇ ਕੀਤੀ। ਸੰਗਤ ਨੂੰ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਗਿਆਨੀ ਬਲਜੀਤ ਸਿੰਘ ਨੇ ਸੰਗਤਾਂ ਨਾਲ ਭਗਤ ਧੰਨਾ ਜੀ ਦੇ ਜੀਵਨ ਇਤਿਹਾਸ ਦੀ ਸਾਂਝ ਪਾਉਂਦਿਆਂ ਕਿਹਾ ਕਿ ਉਨ੍ਹਾਂ ਦਾ ਜੀਵਨ ਨਾਮ ਜਪਣ, ਸੱਚੀ ਕਿਰਤ ਅਤੇ ਪਰਮਾਤਮਾ 'ਤੇ ਭਰੋਸੇ ਦੀ ਪ੍ਰੇਰਣਾ ਦਿੰਦਾ ਹੈ। ਉਨ੍ਹਾਂ ਸੰਗਤਾਂ ਨੂੰ ਭਗਤ ਧੰਨਾ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਜੀਵਨ ਇਤਿਹਾਸ ਤੋਂ ਸੇਧ ਲੈਣ ਦੀ ਅਪੀਲ ਕੀਤੀ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਮੈਨੇਜਰ ਸ. ਸਤਿੰਦਰ ਸਿੰਘ, ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸ. ਬਿਕਰਮਜੀਤ ਸਿੰਘ ਝੰਗੀ, ਸ. ਜਸਬੀਰ ਸਿੰਘ, ਸ. ਗੁਰਤਿੰਦਰਪਾਲ ਸਿੰਘ ਕਾਦੀਆਂ, ਮੀਤ ਮੈਨੇਜਰ ਸ. ਅਜੈ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।ਫੋਟੋ ਕੈਪਸ਼ਨ: ਭਗਤ ਧੰਨਾ ਜੀ ਦੇ ਜਨਮ ਦਿਹਾੜੇ ਮੌਕੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਰਵਾਏ ਸਮਾਗਮ ਦੌਰਾਨ ਅਰਦਾਸ 'ਚ ਹਾਜ਼ਰ ਸੰਗਤਾਂ।

# ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵਲੋਂ ਮਹਾਂਰਾਸ਼ਟਰ ਵਿਚ ਗੁ. ਦਸਮੇਸ਼ ਦਰਬਾਰ



ਚੋਹਲਾ ਸਾਹਿਬ 21 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਵੱਲੋਂ ਮਾਨਵਤਾ ਦੇ ਭਲੇ ਹਿਤ ਦੇਸ਼ ਵਿਦੇਸ਼ ਵਿੱਚ ਨਿਰੰਤਰ ਸੇਵਾਵਾਂ ਚੱਲ ਰਹੀਆਂ ਹਨ। ਸੰਪਰਦਾਇ ਦੇ ਪ੍ਰਬੰਧ ਅਧੀਨ ਨਾਸਿਕ ਤੋਂ ਮੁੰਬਈ ਹਾਈਵੇ ਉੱਪਰ ਇਗਾਤਪੁਰੀ ਵਿਖੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਅੱਜ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਮਹਾਨ ਗੁਰਮਤਿ ਸਮਾਗਮ ਹੋਇਆ, ਜਿਸ ਵਿਚ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤਕ ਧਾਰਮਿਕ ਦੀਵਾਨ ਸਜਾਇਆ ਗਿਆ, ਜਿਸ ਵਿਚ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਆਰਤੀ-ਆਰਤਾ ਦੇ ਕੀਰਤਨ ਨਾਲ ਹਾਜ਼ਰੀ ਭਰੀ। ਕਥਾਵਾਚਕ ਗਿਆਨੀ ਮੁਖਤਾਰ ਸਿੰਘ ਜਲੰਧਰ ਵਾਲੇ, ਕਵੀਸ਼ਰ ਗਿਆਨੀ ਕਰਤਾਰ ਸਿੰਘ ਕਿਰਤੀ ਸਭਰਾਵਾਂ ਵਾਲੇ ਅਤੇ ਹੋਰ ਕਈ ਗੁਣੀ ਗਿਆਨੀ ਹਸਤੀਆਂ ਨੇ ਸੰਗਤ ਨੂੰ ਹਰਿ ਜਸ ਸ੍ਰਵਣ ਕਰਾਇਆ। ਗਿਆਨੀ ਸਤਵਿੰਦਰ ਸਿੰਘ ਫਰਵਾਲੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਬਾਬਾ ਜੀ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਦਿਆਂ ਅੱਜ ਗੁਰਮਤਿ ਸਮਾਗਮ ਉਪਰੰਤ ਸ਼ਾਮ ਵੇਲੇ ਮੁੰਬਈ ਅਤੇ ਨਵੀਂ ਮੁੰਬਈ ਕਲਮਬੋਲੀ ਦੀਆਂ ਟੀਮਾਂ ਵਿਚਕਾਰ ਕਬੱਡੀ ਮੈਚ ਕਰਵਾਇਆ ਗਿਆ ਤੇ ਬਾਬਾ ਜੀ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ।

ਅਰਦਾਸ ਉਪਰੰਤ ਸੰਪਰਦਾਇ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਗੁ. ਦਸ਼ਮੇਸ਼ ਦਰਬਾਰ ਦੇ ਨਵੇਂ ਦਰਬਾਰ ਹਾਲ ਦਾ ਨੀਂਹ ਪੱਥਰ ਰੱਖਿਆ ਅਤੇ ਟੱਕ ਲਗਾ ਕੇ ਉਸਾਰੀ ਆਰੰਭ ਕਰਵਾਈ। ਆਰਕੀਟੈਕਟ ਸਦਾਨੰਦ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਥੇ ਤਿੰਨ ਮੰਜਿਲਾ ਇਮਾਰਤ ਉਸਾਰੀ ਜਾਵੇਗੀ, ਜਿਸ ਵਿਚ ਬੇਸਮੈਂਟ, ਮੈਦਾਨੀ ਤਲ ਤੇ ਲੰਗਰ ਹਾਲ ਅਤੇ ਉਪਰ ਦਰਬਾਰ ਹਾਲ ਬਣੇਗਾ। ਸੰਗਤ ਦੀ ਕਾਫੀ ਸਮੇਂ ਤੋਂ ਮੰਗ ਸੀ ਕਿ ਇੱਥੇ ਨਵੇਂ ਦਰਬਾਰ ਹਾਲ ਦੀ ਉਸਾਰੀ ਕੀਤੀ ਜਾਵੇ। ਗੁਰੂ ਸਾਹਿਬ ਦੀ ਕਿਰਪਾ ਨਾਲ ਅੱਜ ਇਹ ਸੇਵਾ ਕਾਰਜ ਆਰੰਭ ਹੋ ਰਿਹਾ ਹੈ। ਇਸ ਦਰਬਾਰ ਹਾਲ ਤੇ ਲਗਭਗ 2 ਕਰੋੜ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ ਜੋ ਗੁਰੂ ਸਾਹਿਬ ਦੀ ਕਿਰਪਾ ਅਤੇ ਸੰਗਤਾਂ ਦੇ ਸਹਿਯੋਗ ਨਾਲ ਜਲਦੀ ਸੰਪੂਰਨ ਹੋਵੇਗਾ।"

ਇਸ ਮੌਕੇ ਬਾਬਾ ਜੀ ਵੱਲੋਂ ਏਗਾਤਪੁਰੀ, ਨਾਸਿਕ, ਤਾਰਾਪੁਰ, ਯੇਵਲਾ, ਨਿਰੋਲ, ਘੋਟੀ, ਮੁੰਬਈ ਆਦਿਕ ਵੱਖ-ਵੱਖ ਸ਼ਹਿਰਾਂ ਤੋਂ ਪਹੁੰਚੀ ਸੰਗਤ ਦਾ ਧੰਨਵਾਦ ਕੀਤਾ ਗਿਆ। ਸੰਗਤ ਦੇ ਇਕੱਠ ਵਿਚ ਇਥੇ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਸਮੂਹ ਜਥੇਦਾਰਾਂ ਸਮੇਤ ਬਾਬਾ ਰਣਜੀਤ ਸਿੰਘ ਜੀ ਮਨਮਾੜ ਵਾਲੇ, ਸੇਠ ਸਾਹਿਬ ਸਿੰਘ (ਪ੍ਰਧਾਨ ਗੁਰਦੁਆਰਾ ਚਿਮਟਾਪਾੜਾ ਮੁੰਬਈ, ਰਣਜੀਤ ਸਿੰਘ ਅਨੰਦ ਟਰਾਂਸਪੋਰਟ, ਪ੍ਰਧਾਨ ਸੁਲੱਖਣ ਸਿੰਘ, ਰਣਜੀਤ ਸਿੰਘ ਪ੍ਰਧਾਨ (ਗੁਰਦੁਆਰਾ ਖਾਲਸਾ ਦਰਬਾਰ ਪਲਾਵਾ, ਸ਼ੇਰੇ ਪੰਜਾਬ ਢਾਬਾ), ਤਰਲੋਕ ਸਿੰਘ ਸੈਕਟਰੀ ਗੁਰਦੁਆਰਾ ਗੁਰੂ ਨਾਨਕ ਸੱਚਖੰਡ ਸਭਾ ਕਲਮਬੋਲੀ, ਸੇਠ ਸੁੱਚਾ ਸਿੰਘ ਸੰਧੂ ਕਾਰਗੋ ਤਾਰਾਪੁਰ, ਸੇਠ ਤਜਿੰਦਰ ਸਿੰਘ ਵਾਹਿਗੁਰੂ ਟਰਾਂਸਪੋਰਟ ਤਾਰਾਪੁਰ, ਪ੍ਰਭਜੋਤ ਸਿੰਘ ABTC ਬੱਸ ਟਰਾਂਸਪੋਰਟ, ਨਿਰਵੈਰ ਸਿੰਘ ਮੁਲੰਡ, ਸੇਠ ਹਰਬੰਸ ਸਿੰਘ ਮੁੰਬਈ, ਪ੍ਰਭਜੋਤ ਸਿੰਘ ਅਕਾਲ ਟਰਾਂਸਪੋਰਟ, ਚਰਨਜੀਤ ਸਿੰਘ ਖਜਾਨਚੀ ਗੁ. ਗੁਰਮੀਤ ਸਿੰਘ, ਇਕਬਾਲ ਸਿੰਘ ਰੰਧਾਵਾ ਬਿਰਲਾਪੁਰ, ਮਨਰਾਜ ਸਿੰਘ ਖਜਾਨਚੀ ,ਸਤਨਾਮ ਸਿੰਘ ਬਾਜਵਾ ਨਿਰੋਲ, ਕਰਨ ਸਿੰਘ ਨਾਸਿਕ, ਅਜੀਤ ਸਿੰਘ ਘੋਟੀ (ਸਿੰਘ ਗੈਰਜ )ਕਈ ਸਹਿਯੋਗੀ ਸੱਜਣ ਸੰਗਤ ਵਿਚ ਹਾਜ਼ਰ ਸਨ।

# ਮਜ਼ਦੂਰ ਦਿਵਸ ਨੂੰ ਸਮਰਪਿਤ ਇੰਡਕ ਆਰਟਸ ਵੈਲਫੇਅਰ ਕੌਂਸਲ ਦਾ ਦੂਜਾ ਸਾਹਿਤਕ ਤੇ ਸੱਭਿਆਚਾਰਕ ਸਮਾਗਮ 1 ਮਈ ਨੂੰ - ਪ੍ਰੋ. ਭੋਲਾ ਯਮਲਾ



ਸ੍ਰੀ ਮੁਕਤਸਰ ਸਾਹਿਬ (ਜਸਵੀਰ ਸ਼ਰਮਾਂ ਦੱਦਾਹੂਰ ) |

ਕਲਾ, ਸਾਹਿਤ ਅਤੇ ਸੱਭਿਆਚਾਰ ਦੇ ਪ੍ਰਚਾਰ-ਪ੍ਰਸਾਰ ਲਈ ਵਚਨਬੱਧ ਦੇਸ਼ ਦੀ ਪ੍ਰਮੁੱਖ ਸੰਸਥਾ ਇੰਡਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਮਜ਼ਦੂਰ ਦਿਵਸ ਨੂੰ ਸਮਰਪਿਤ ਇੱਕ ਵਿਸ਼ਾਲ ਸਾਹਿਤਕ ਤੇ ਸੱਭਿਆਚਾਰਕ ਸਮਾਗਮ 1 ਮਈ, ਦਿਨ ਸ਼ੁੱਕਰਵਾਰ ਨੂੰ ਬਾਬਾ ਸੋਨੀ ਸੇਵਾ ਆਸ਼ਰਮ, ਨੇੜੇ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਸਵੇਰੇ 9:30 ਵਜੇ ਤੋਂ ਦੁਪਹਿਰ 12:30 ਵਜੇ ਤੱਕ ਸੰਸਥਾ ਦੇ ਬਾਨੀ ਚੇਅਰਮੈਨ ਪ੍ਰੋਫੈਸਰ ਬਾਈ ਭੋਲਾ ਯਮਲਾ ਜੀ ਦੀ ਯੋਗ ਅਗਵਾਈ ਹੇਠ ਅਤੇ ਉੱਘੇ ਸਮਾਜ ਸੇਵੀ ਬਾਬਾ ਸੋਨੀ ਮੁਕਤਸਰ ਵਾਲਿਆਂ ਦੀ ਪ੍ਰਧਾਨਗੀ ਹੇਠ ਕਰਵਾਇਆ ਜਾ ਰਿਹਾ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਸਵੀਰ ਸ਼ਰਮਾ ਦੱਦਾਹੂਰ (ਪ੍ਰਧਾਨ ਸਾਹਿਤ ਅਤੇ ਭਾਸ਼ਾ ਸੈੱਲ) ਮਾਸਟਰ ਅਜੈਬ ਸਿੰਘ ਰੁਪਾਣਾ (ਪ੍ਰਧਾਨ ਕਲਾ ਤੇ ਸੱਭਿਆਚਾਰ) ਸ੍ਰੀ ਮੁਕਤਸਰ ਸਾਹਿਬ ਹੋਰਾਂ ਨੇ ਦੱਸਿਆ ਕਿ ਸੰਸਥਾ ਦਾ ਮੁੱਖ ਉਦੇਸ਼ ਕਲਾ, ਸਾਹਿਤ ਅਤੇ ਸੱਭਿਆਚਾਰ ਨੂੰ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣਾ ਅਤੇ ਨਵੀਂ ਪੀੜ੍ਹੀ ਵਿੱਚ ਰਚਨਾਤਮਕ ਸੋਚ ਨੂੰ ਪ੍ਰੋਤਸਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰ ਦਿਵਸ ਵਰਗੇ ਮਹੱਤਵਪੂਰਨ ਦਿਨ 'ਤੇ ਇਸ ਤਰ੍ਹਾਂ ਦਾ ਸਮਾਗਮ ਕਰਵਾਉਣਾ ਮਜ਼ਦੂਰ ਵਰਗ ਦੀ ਮਹੱਤਤਾ ਨੂੰ ਸਲਾਮ ਕਰਨ ਦੇ ਨਾਲ-ਨਾਲ ਸੱਭਿਆਚਾਰਕ ਜਾਗਰੂਕਤਾ ਨੂੰ ਵੀ ਮਜ਼ਬੂਤ ਕਰੇਗਾ।

ਇਸ ਮੌਕੇ ਹੋਣ ਵਾਲੇ ਪ੍ਰੋਗਰਾਮ ਵਿੱਚ ਕਵਿਤਾ ਪਾਠ, ਸੱਭਿਆਚਾਰਕ ਪ੍ਰਸਤੁਤੀਆਂ ਅਤੇ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਵੱਖ-ਵੱਖ ਖੇਤਰਾਂ ਨਾਲ ਜੁੜੇ ਕਲਾਕਾਰ ਅਤੇ ਸਾਹਿਤਕਾਰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ।

ਪ੍ਰੋਫੈਸਰ ਬਾਈ ਭੋਲਾ ਯਮਲਾ ਨੇ ਸਾਰੇ ਕਲਾਕਾਰਾਂ, ਸਾਹਿਤਕਾਰਾਂ ਅਤੇ ਸੱਭਿਆਚਾਰ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਇਸ ਸਮਾਗਮ ਨੂੰ ਕਾਮਯਾਬ ਬਣਾਉਣ ਅਤੇ ਕਲਾ ਤੇ ਸੱਭਿਆਚਾਰ ਦੀ ਇਸ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਵਿੱਚ ਆਪਣਾ ਯੋਗਦਾਨ ਪਾਉਣ।

# ਤਨੇਜਾ ਓਵਰਸੀਜ਼ ਸ਼ੈਲਰ ਕੱਦ ਗਿੱਲ ਵਿਖੇ ਐਮ.ਪੀ. ਗੁਰਜੀਤ ਸਿੰਘ ਔਜਲਾ ਦਾ ਸ਼ਾਨਦਾਰ ਸਵਾਗਤ,



ਸਿਆਸੀ ਹਾਲਾਤਾਂ ਵਿਖੇ ਰਾਈਸ ਇੰਡਸਟਰੀ ਦੇ ਮਸਲਿਆਂ 'ਤੇ ਕੀਤੀ ਗੰਭੀਰ ਚਰਚਾ |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 21 ਅਪ੍ਰੈਲ:
ਸ੍ਰੀ ਗੋਪਾਲ ਗਊਸ਼ਾਲਾ ਅਤੇ ਖੋਜ ਕੇਂਦਰ, ਪੰਡੋਰੀ ਗੋਲਾ ਰੋਡ, ਤਰਨ ਤਾਰਨ ਵਿਖੇ 23 ਅਪ੍ਰੈਲ ਨੂੰ ਸ੍ਰੀ ਖਾਟੂ ਸ਼ਿਆਮ ਜੀ, ਸ੍ਰੀ ਗਣਪਤੀ ਗਣੇਸ਼ ਜੀ ਅਤੇ ਸ੍ਰੀ ਹਨੂੰਮਾਨ ਜੀ ਦਦੀ ਮੂਰਤੀ ਸਥਾਪਨਾ ਉਤਸਵ ਦੇ ਸਬੰਧ ਵਿੱਚ ਅੱਜ ਸ੍ਰੀ ਠਾਕੁਰ ਮਦਨ ਮੋਹਨ ਮੰਦਰ ਤੋਂ ਇੱਕ ਵਿਸ਼ਾਲ ਕਲਸ਼ ਯਾਤਰਾ ਆਯੋਜਿਤ ਕੀਤੀ ਗਈ । ਜਿਸ ਵਿੱਚ 51 ਔਰਤਾਂ ਅਤੇ ਪੁਰਸ਼ਾਂ ਨੇ ਆਪਣੇ ਸਿਰਾਂ 'ਤੇ ਕਲਸ਼ ਲੈ ਕੇ ਸ਼ਹਿਰ ਦੇ ਪ੍ਰਮੁੱਖ ਮੰਦਰਾਂ, ਜਿਨ੍ਹਾਂ ਵਿੱਚ ਠਾਕੁਰ ਮਦਨ ਮੋਹਨ ਮੰਦਰ, ਮਾਤਾ ਚਿੰਤਪੂਰਨੀ ਦੇਵੀ ਸਵਰਣ ਮੰਦਰ ਅਤੇ ਸ੍ਰੀ ਸ਼ਿਵਾਲਾ ਮੰਦਰ ਸ਼ਾਮਲ ਹਨ, ਵਿੱਚ ਜਾ ਕੇ ਉਥੋਂ ਪਵਿੱਤਰ ਜਲ ਭਰ ਕੇ ਲਿਆਂਦਾ ਗਿਆ। ਕਲਸ਼ ਯਾਤਰਾ ਵੱਖ-ਵੱਖ ਬਾਜ਼ਾਰਾਂ ਵਿੱਚੋਂ ਲੰਘਦੀ ਹੋਈ ਸ੍ਰੀ ਗੋਪਾਲ ਗਊਸ਼ਾਲਾ ਵਿਖੇ ਸਮਾਪਤ ਹੋਈ।ਇਸ ਤੋਂ ਬਾਅਦ, ਮੂਰਤੀ ਸਥਾਪਨਾ ਉਤਸਵ ਲਈ ਰਸਮੀ ਪੂਜਾ ਰਸਮਾਂ ਸ੍ਰੀ ਗੋਪਾਲ ਗਊਸ਼ਾਲਾ ਵਿਖੇ ਸ਼ੁਰੂ ਹੋਈਆਂ। ਜਿਸ ਵਿੱਚ ਸ੍ਰੀ ਗਣੇਸ਼ ਪੂਜਾ, ਮਾਤਾ ਲਕਸ਼ਮੀ ਪੂਜਾ, ਨਵਗ੍ਰਹਿ ਪੂਜਾ, ਵਾਸਤੂ ਮੰਡਲ ਪੂਜਾ, ਸ੍ਰੀ ਖੇਤਰਪਾਲ ਪੂਜਾ, ਮੂਰਤੀ ਇਸ਼ਨਾਨ ਅਤੇ ਕਲਸ਼ ਸਥਾਪਨਾ ਦੀ ਸ਼ੁਰੂਆਤ ਇਲਾਕੇ ਦੇ ਪ੍ਰਸਿੱਧ ਵਿਦਵਾਨ ਪੰਡਿਤ ਮਹਾਵੀਰ ਪ੍ਰਸਾਦ ਜੀ ਦੁਆਰਾ ਮੁੱਖ ਜਜਮਾਨ ਵਜੋਂ ਸੰਜੇ ਗੁਪਤਾ ਅਤੇ ਅਸ਼ਵਨੀ ਮਦਾਨ, ਵਿਸ਼ਾਲ ਗੁਪਤਾ ਵਿੱਕੀ, ਜਸਵਿੰਦਰ ਗਲਹੋਤਰਾ, ਅਮਿਤ ਗੁਪਤਾ ਸੀਏ, ਚਿਰੰਤਨ ਗੁਪਤਾ ਹਨੀ ਆਦਿ ਮੇਜ਼ਬਾਨਾਂ ਰਾਹੀਂ ਮੰਤਰਾਂ ਅਤੇ ਰਸਮਾਂ ਦੇ ਪੂਰੇ ਜਾਪ ਨਾਲ ਕੀਤੀ ਗਈ। ਇਹ ਪੂਜਾ ਲਗਾਤਾਰ 5 ਦਿਨਾਂ ਤੱਕ ਰੋਜ਼ਾਨਾ ਕੀਤੀ ਜਾਵੇਗੀ। ਪੂਜਾ ਤੋਂ ਬਾਅਦ, ਆਈ ਸਾਰੀ ਸੰਗਤ ਲਈ ਲੰਗਰ ਭੰਡਾਰੇ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਹਰਿਦਰ ਅਗਰਵਾਲ ਜਨਰਲ ਸਕੱਤਰ ਸ੍ਰੀ ਗੋਪਾਲ ਗਊਸ਼ਾਲਾ, ਰਵੀ ਕੁਮਾਰ ਸ਼ਰਮਾ ਗਗਨ ਵਾਲੇ ਟਰੱਸਟੀ, ਸੁਰਜੀਤ ਆਹੂਜਾ ਜਿਲ੍ਹਾ ਸਤਿਸੰਗ ਪ੍ਰਮੁੱਖ , ਪਵਨ ਕੁਮਾਰ ਮੁਰਾਦਪੁਰ ਪ੍ਰਧਾਨ ਸ੍ਰੀ ਬ੍ਰਾਹਮਣ ਪ੍ਰਤੀਨਿਧੀ ਸਭਾ, ਜਸਵਿੰਦਰ ਗਲਹੋਤਰਾ ਪ੍ਰਧਾਨ ਸ੍ਰੀ ਗਣੇਸ਼ ਸੇਵਕ, ਕਪਿਲ ਦੇਵ ਅਗਰਵਾਲ, ਡਾ: ਗੁਰਪੂਰਨ ਬਾਂਸਲ, ਡਾ. ਰਾਕੇਸ਼ ਸੂਰ, ਵਿਪਨ ਕੁਮਾਰ ਬਾਬਾ ਡਿਸਕੋ, ਵਿਸ਼ਾਲ ਗੁਪਤਾ ਵਿੱਕੀ ਪ੍ਰਧਾਨ ਸ੍ਰੀ ਸ਼ਿਆਮ ਮਿੱਤਰ ਮੰਡਲ, ਅਰੁਣ ਗੁਪਤਾ ਪ੍ਰਧਾਨ ਸ੍ਰੀ ਸ਼ਿਆਮ ਪਰਿਵਾਰ, ਹਨੀ ਅਰੋੜਾ, ਸ੍ਰੀ ਸ਼ਿਆਮ ਸੇਵਕ ਮੰਡਲ, ਸ੍ਰੀ ਕਮਲ ਵਾਂਸਲ ਪ੍ਰਧਾਨ ਸ੍ਰੀ ਪ੍ਰਾਰਥਨਾ ਸਭਾ, ਜੁਗਲ ਕਿਸ਼ੋਰ ਅੰਮ੍ਰਿਤਸਰ ਵਾਲੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਨੈਤਿਕ ਸਿੱਖਿਆ ਇਮਤਿਹਾਨ ਵਿੱਚ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਾਪਤੀ।



ਚੋਹਲਾ ਸਾਹਿਬ 21 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਸਥਾਪਨਾ ਸੰਨ 1970 ਵਿੱਚ ਮਹਾਨ ਧਾਰਮਿਕ ਤੇ ਸਮਾਜ ਸੇਵੀ ਸ਼ਖਸੀਅਤ ਸੰਤ ਬਾਬਾ ਤਾਰਾ ਸਿੰਘ ਜੀ ਵੱਲੋਂ ਕੀਤੀ ਗਈ ਸੀ। ਇਹ ਕਾਲਜ ਆਪਣੇ ਸ਼ੁਰੂਆਤੀ ਦਿਨਾਂ ਤੋਂ ਹੀ ਸਿੱਖਿਆ ਦੇ ਖੇਤਰ ਵਿੱਚ ਉੱਚ ਮਿਆਰ ਕਾਇਮ ਕਰਦਾ ਆ ਰਿਹਾ ਹੈ। ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਨਿਰੰਤਰ ਤਰੱਕੀ ਕਰ ਰਿਹਾ ਹੈ ਅਤੇ ਵਿਦਿਆ ਦਾ ਚਾਨਣ ਫੈਲਾਉਣ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵੀ ਬਾਖੂਬੀ ਨਿਭਾ ਰਿਹਾ ਹੈ।ਇਸ ਸਿਰਮੌਰ ਸੰਸਥਾ ਦਾ ਮੁੱਖ ਉਦੇਸ਼ ਸਿਰਫ਼ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਹੀ ਨਹੀਂ, ਸਗੋਂ ਵਿਦਿਆਰਥੀਆਂ ਦੀ ਬਹੁਪੱਖੀ ਸ਼ਖਸੀਅਤ ਦਾ ਸਮੂਹਿਕ ਵਿਕਾਸ ਕਰਨਾ ਵੀ ਹੈ। ਕਾਲਜ ਵਿੱਚ ਅਕਾਦਮਿਕ ਗਤੀਵਿਧੀਆਂ ਦੇ ਨਾਲ-ਨਾਲ ਨੈਤਿਕ, ਸਾਂਸਕ੍ਰਿਤਿਕ ਅਤੇ ਸਮਾਜਿਕ ਮੁੱਲਾਂ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ, ਜਿਸ ਨਾਲ ਵਿਦਿਆਰਥੀ ਇਕ ਜ਼ਿੰਮੇਵਾਰ ਨਾਗਰਿਕ ਬਣ ਸਕਣ।ਇਸੇ ਕੜੀ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਨੈਤਿਕ ਸਿੱਖਿਆ ਸੰਬੰਧੀ ਇੱਕ ਵਿਸ਼ੇਸ਼ ਇਮਤਿਹਾਨ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਪ੍ਰੀਖਿਆ ਵਿੱਚ ਰਵਨੀਤ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ। ਮਨਪ੍ਰੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਹਰਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ। ਅਮਨਦੀਪ ਕੌਰ ਨੇ ਚੌਥਾ ਸਥਾਨ ਹਾਸਲ ਕਰਕੇ ਆਪਣੇ ਮਾਤਾ-ਪਿਤਾ ਅਤੇ ਕਾਲਜ ਦਾ ਨਾਮ ਰੌਸ਼ਨ ਕੀਤਾ।ਇਹ ਪ੍ਰਾਪਤੀਆਂ ਨਾ ਸਿਰਫ਼ ਵਿਦਿਆਰਥੀਆਂ ਦੀ ਮਿਹਨਤ ਅਤੇ ਲਗਨ ਨੂੰ ਦਰਸਾਉਂਦੀਆਂ ਹਨ, ਸਗੋਂ ਕਾਲਜ ਵੱਲੋਂ ਦਿੱਤੀ ਜਾ ਰਹੀ ਗੁਣਵੱਤਾਪੂਰਨ ਸਿੱਖਿਆ ਅਤੇ ਨੈਤਿਕ ਮੁੱਲਾਂ ਦੀ ਪੱਕੀ ਨਿਭਰਤਾ ਨੂੰ ਵੀ ਉਜਾਗਰ ਕਰਦੀਆਂ ਹਨ। ਕਾਲਜ ਪ੍ਰਬੰਧਕ ਕਮੇਟੀ ਅਤੇ ਸਟਾਫ਼ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਗਈ ਅਤੇ ਭਵਿੱਖ ਵਿੱਚ ਹੋਰ ਉੱਚੀਆਂ ਉਪਲਬਧੀਆਂ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਤੇ ਮੈਡਮ ਮਨਜੀਤ ਕੌਰ ਨੂੰ ਵਿਦਿਆਰਥੀਆਂ ਦੀ ਤਿਆਰੀ ਲਈ ਵੀ ਮੁਬਾਰਕਬਾਦ ਦਿੱਤੀ ਗਈ।

# ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਤਰਨਤਾਰਨ ਵਿੱਚ ਗੂੰਜੀ ਅਵਾਜ਼, ਸਰਕਾਰ ਤੱਕ ਮੰਗ ਪੱਤਰ ਭੇਜਣ ਦਾ ਭਰੋਸਾ



ਗੁਰਪ੍ਰੀਤ ਸਿੰਘ ਕੱਦ ਗਿੱਲ ,ਤਰਨਤਾਰਨ, 21 ਅਪ੍ਰੈਲ |

ਗੌਰਮਿੰਟ ਪੈਨਸ਼ਨਰ ਯੂਨੀਅਨ ਜ਼ਿਲ੍ਹਾ ਤਰਨਤਾਰਨ ਵੱਲੋਂ ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਦੇ ਸੱਦੇ 'ਤੇ ਮੰਗਲ ਵਾਰ ਨੂੰ ਪੈਨਸ਼ਨਰਾਂ ਨੇ ਆਪਣੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਨੂੰ ਲੈ ਕੇ ਇੱਕਜੁੱਟ ਹੋਕੇ ਸਹਾਇਕ ਕਮਿਸ਼ਨਰ ਤਰਨਤਾਰਨ ਸੰਜੀਵ ਸ਼ਰਮਾ ਨੂੰ ਮੰਗ ਪੱਤਰ ਸੌਂਪਿਆ। ਇਸ ਮੌਕੇ ਸ਼ਰਮਾ ਨੇ ਭਰੋਸਾ ਦਿੱਤਾ ਕਿ ਮੰਗਾਂ ਨੂੰ ਆਪਣੀ ਸਿਫ਼ਾਰਸ਼ ਸਮੇਤ ਪੰਜਾਬ ਸਰਕਾਰ ਕੋਲ ਭੇਜਿਆ ਜਾਵੇਗਾ।ਯੂਨੀਅਨ ਦੇ ਪ੍ਰਧਾਨ ਕਰਮ ਸਿੰਘ ਲਾਲਪੁਰਾ ਦੀ ਅਗਵਾਈ ਹੇਠ ਦਿੱਤੇ ਮੰਗ ਪੱਤਰ ਵਿੱਚ ਕੇਂਦਰ ਸਰਕਾਰ ਤੋਂ ਵਿੱਤੀ ਬਿੱਲ 2025 ਵਾਪਸ ਲੈਣ, ਦੇਸ਼ ਭਰ ਵਿੱਚ ਐਨ.ਪੀ.ਐਸ. ਦੀ ਥਾਂ ਓ.ਪੀ.ਐਸ. ਲਾਗੂ ਕਰਨ, ਪੈਨਸ਼ਨਰਾਂ ਨੂੰ ਕੇਂਦਰ ਦੇ ਬਰਾਬਰ ਡੀ.ਏ. ਨਕਦ ਦੇਣ ਅਤੇ ਕਮਿਊਟ ਕੀਤੀ ਪੈਨਸ਼ਨ ਦੀ ਵਾਪਸੀ ਮਿਆਦ 11 ਸਾਲ ਕਰਨ ਵਰਗੀਆਂ ਅਹਿਮ ਮੰਗਾਂ ਸ਼ਾਮਲ ਕੀਤੀਆਂ ਗਈਆਂ। ਇਸ ਤੋਂ ਇਲਾਵਾ ਪੈਨਸ਼ਨਰਾਂ ਨੇ ਰੇਲ ਅਤੇ ਡੀਲਕਸ ਬੱਸਾਂ ਵਿੱਚ ਸਫ਼ਰ ਲਈ ਕਿਰਾਏ ਵਿੱਚ ਰਾਹਤ ਦੇਣ ਅਤੇ ਉਮਰ ਅਨੁਸਾਰ ਓਲਡ ਏਜ ਪੈਨਸ਼ਨ ਵਿੱਚ ਵੱਡੇ ਪੱਧਰ 'ਤੇ ਵਾਧਾ ਕਰਨ ਦੀ ਮੰਗ ਵੀ ਜ਼ੋਰਦਾਰ ਢੰਗ ਨਾਲ ਰੱਖੀ। ਪ੍ਰਸਤਾਵਿਤ ਫਾਰਮੂਲੇ ਅਨੁਸਾਰ 65 ਸਾਲ ਬਾਅਦ 10 ਫ਼ੀਸਦੀ, 70 'ਤੇ 20 ਫ਼ੀਸਦੀ, 75 'ਤੇ 30 ਫ਼ੀਸਦੀ, 80 'ਤੇ 50 ਫ਼ੀਸਦੀ, 85 'ਤੇ 70 ਫ਼ੀਸਦੀ, 90 ਤੋਂ ਬਾਅਦ 95 ਫ਼ੀਸਦੀ ਅਤੇ 95 ਸਾਲ ਉਮਰ 'ਤੇ 100 ਫ਼ੀਸਦੀ ਵਾਧਾ ਕਰਨ ਦੀ ਮੰਗ ਕੀਤੀ ਗਈ।ਇਸ ਮੌਕੇ ਜਨਰਲ ਸਕੱਤਰ ਡਾ. ਅਜਮੇਰ ਸਿੰਘ, ਜਸਵਿੰਦਰ ਸਿੰਘ ਮਾਣੋਚਾਹਲ, ਤਰਸੇਮ ਸਿੰਘ ਲਾਲੂਘੁੰਮਣ, ਗੁਰਭੇਜ ਸਿੰਘ ਕੱਲ੍ਹਾ, ਕੁਲਵੰਤ ਸਿੰਘ ਗਿੱਲ, ਮਨਜੀਤ ਸਿੰਘ ਨੂਰਪੁਰ ਅਤੇ ਗੁਰਦੀਪ ਸਿੰਘ ਤਰਨਤਾਰਨ ਸਮੇਤ ਹੋਰ ਆਗੂ ਵੀ ਮੌਜੂਦ ਸਨ।ਇਸ ਮੌਕੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਡੈਪੂਟੇਸ਼ਨ ਨੇ ਪੰਜਾਬ ਸਰਕਾਰ ਤੋਂ 19 ਅਪ੍ਰੈਲ 2026 ਦੇ ਡੀ.ਏ. ਬਕਾਏ ਸਬੰਧੀ ਫ਼ੈਸਲੇ ਨੂੰ ਤੁਰੰਤ ਲਾਗੂ ਕਰਦੇ ਹੋਏ 30 ਜੂਨ 2026 ਤੱਕ ਭੁਗਤਾਨ ਕਰਨ ਦੀ ਮੰਗ ਕਰਦਿਆਂ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਗੌਰਮਿੰਟ ਪੈਨਸ਼ਨਰ ਯੂਨੀਅਨ ਜ਼ਿਲ੍ਹਾ ਤਰਨਤਾਰਨ ਦੇ ਆਗੂ ਕਰਮ ਸਿੰਘ, ਜਨਰਲ ਸਕੱਤਰ ਡਾ. ਅਜਮੇਰ ਸਿੰਘ, ਜਸਵਿੰਦਰ ਸਿੰਘ ਮਾਣੋਚਾਹਲ, ਤਰਸੇਮ ਸਿੰਘ ਲਾਲੂਘੁੰਮਣ ਆਦਿ ਸਹਾਇਕ ਕਮਿਸ਼ਨਰ ਤਰਨਤਾਰਨ ਸੰਜੀਵ ਸ਼ਰਮਾ ਨੂੰ ਮੰਗ ਪੱਤਰ ਸੌਂਪਦੇ ਹੋਏ

# ਕਲਸ਼ ਯਾਤਰਾ ਤੇਂ ਪੂਜਨ ਨਾਲ ਮੂਰਤੀ ਸਥਾਪਨਾ ਉਤਸਵ ਦੀ ਸ਼ੁਰੂਆਤ



ਸ਼ਰਧਾਲੂਆਂ ਨੇ ਕਲਸ਼ ਚੁੱਕ ਕੇ ਵੱਖ-ਵੱਖ ਮੰਦਰਾਂ ਤੋਂ ਪਵਿੱਤਰ ਜਲ ਲਿਆਂਦਾ |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 21 ਅਪ੍ਰੈਲ: ਸ੍ਰੀ ਗੋਪਾਲ ਗਊਸ਼ਾਲਾ ਅਤੇ ਖੋਜ ਕੇਂਦਰ, ਪੰਡੋਰੀ ਗੋਲਾ ਰੋਡ, ਤਰਨ ਤਾਰਨ ਵਿਖੇ 23 ਅਪ੍ਰੈਲ ਨੂੰ ਸ੍ਰੀ ਖਾਟੂ ਸ਼ਿਆਮ ਜੀ, ਸ੍ਰੀ ਗਣਪਤੀ ਗਣੇਸ਼ ਜੀ ਅਤੇ ਸ੍ਰੀ ਹਨੂੰਮਾਨ ਜੀ ਦਦੀ ਮੂਰਤੀ ਸਥਾਪਨਾ ਉਤਸਵ ਦੇ ਸਬੰਧ ਵਿੱਚ ਅੱਜ ਸ੍ਰੀ ਠਾਕੁਰ ਮਦਨ ਮੋਹਨ ਮੰਦਰ ਤੋਂ ਇੱਕ ਵਿਸ਼ਾਲ ਕਲਸ਼ ਯਾਤਰਾ ਆਯੋਜਿਤ ਕੀਤੀ ਗਈ । ਜਿਸ ਵਿੱਚ 51 ਔਰਤਾਂ ਅਤੇ ਪੁਰਸ਼ਾਂ ਨੇ ਆਪਣੇ ਸਿਰਾਂ 'ਤੇ ਕਲਸ਼ ਲੈ ਕੇ ਸ਼ਹਿਰ ਦੇ ਪ੍ਰਮੁੱਖ ਮੰਦਰਾਂ, ਜਿਨ੍ਹਾਂ ਵਿੱਚ ਠਾਕੁਰ ਮਦਨ ਮੋਹਨ ਮੰਦਰ, ਮਾਤਾ ਚਿੰਤਪੂਰਨੀ ਦੇਵੀ ਸਵਰਣ ਮੰਦਰ ਅਤੇ ਸ੍ਰੀ ਸ਼ਿਵਾਲਾ ਮੰਦਰ ਸ਼ਾਮਲ ਹਨ, ਵਿੱਚ ਜਾ ਕੇ ਉਥੋਂ ਪਵਿੱਤਰ ਜਲ ਭਰ ਕੇ ਲਿਆਂਦਾ ਗਿਆ। ਕਲਸ਼ ਯਾਤਰਾ ਵੱਖ-ਵੱਖ ਬਾਜ਼ਾਰਾਂ ਵਿੱਚੋਂ ਲੰਘਦੀ ਹੋਈ ਸ੍ਰੀ ਗੋਪਾਲ ਗਊਸ਼ਾਲਾ ਵਿਖੇ ਸਮਾਪਤ ਹੋਈ।ਇਸ ਤੋਂ ਬਾਅਦ, ਮੂਰਤੀ ਸਥਾਪਨਾ ਉਤਸਵ ਲਈ ਰਸਮੀ ਪੂਜਾ ਰਸਮਾਂ ਸ੍ਰੀ ਗੋਪਾਲ ਗਊਸ਼ਾਲਾ ਵਿਖੇ ਸ਼ੁਰੂ ਹੋਈਆਂ। ਜਿਸ ਵਿੱਚ ਸ੍ਰੀ ਗਣੇਸ਼ ਪੂਜਾ, ਮਾਤਾ ਲਕਸ਼ਮੀ ਪੂਜਾ, ਨਵਗ੍ਰਹਿ ਪੂਜਾ, ਵਾਸਤੂ ਮੰਡਲ ਪੂਜਾ, ਸ੍ਰੀ ਖੇਤਰਪਾਲ ਪੂਜਾ, ਮੂਰਤੀ ਇਸ਼ਨਾਨ ਅਤੇ ਕਲਸ਼ ਸਥਾਪਨਾ ਦੀ ਸ਼ੁਰੂਆਤ ਇਲਾਕੇ ਦੇ ਪ੍ਰਸਿੱਧ ਵਿਦਵਾਨ ਪੰਡਿਤ ਮਹਾਵੀਰ ਪ੍ਰਸਾਦ ਜੀ ਦੁਆਰਾ ਮੁੱਖ ਜਜਮਾਨ ਵਜੋਂ ਸੰਜੇ ਗੁਪਤਾ ਅਤੇ ਅਸ਼ਵਨੀ ਮਦਾਨ, ਵਿਸ਼ਾਲ ਗੁਪਤਾ ਵਿੱਕੀ, ਜਸਵਿੰਦਰ ਗਲਹੋਤਰਾ, ਅਮਿਤ ਗੁਪਤਾ ਸੀਏ, ਚਿਰੰਤਨ ਗੁਪਤਾ ਹਨੀ ਆਦਿ ਮੇਜ਼ਬਾਨਾਂ ਰਾਹੀਂ ਮੰਤਰਾਂ ਅਤੇ ਰਸਮਾਂ ਦੇ ਪੂਰੇ ਜਾਪ ਨਾਲ ਕੀਤੀ ਗਈ। ਇਹ ਪੂਜਾ ਲਗਾਤਾਰ 5 ਦਿਨਾਂ ਤੱਕ ਰੋਜ਼ਾਨਾ ਕੀਤੀ ਜਾਵੇਗੀ। ਪੂਜਾ ਤੋਂ ਬਾਅਦ, ਆਈ ਸਾਰੀ ਸੰਗਤ ਲਈ ਲੰਗਰ ਭੰਡਾਰੇ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਹਰਿਦਰ ਅਗਰਵਾਲ ਜਨਰਲ ਸਕੱਤਰ ਸ੍ਰੀ ਗੋਪਾਲ ਗਊਸ਼ਾਲਾ, ਰਵੀ ਕੁਮਾਰ ਸ਼ਰਮਾ ਗਗਨ ਵਾਲੇ ਟਰੱਸਟੀ, ਸੁਰਜੀਤ ਆਹੂਜਾ ਜਿਲ੍ਹਾ ਸਤਿਸੰਗ ਪ੍ਰਮੁੱਖ , ਪਵਨ ਕੁਮਾਰ ਮੁਰਾਦਪੁਰ ਪ੍ਰਧਾਨ ਸ੍ਰੀ ਬ੍ਰਾਹਮਣ ਪ੍ਰਤੀਨਿਧੀ ਸਭਾ, ਜਸਵਿੰਦਰ ਗਲਹੋਤਰਾ ਪ੍ਰਧਾਨ ਸ੍ਰੀ ਗਣੇਸ਼ ਸੇਵਕ, ਕਪਿਲ ਦੇਵ ਅਗਰਵਾਲ, ਡਾ: ਗੁਰਪੂਰਨ ਬਾਂਸਲ, ਡਾ. ਰਾਕੇਸ਼ ਸੂਰ, ਵਿਪਨ ਕੁਮਾਰ ਬਾਬਾ ਡਿਸਕੋ, ਵਿਸ਼ਾਲ ਗੁਪਤਾ ਵਿੱਕੀ ਪ੍ਰਧਾਨ ਸ੍ਰੀ ਸ਼ਿਆਮ ਮਿੱਤਰ ਮੰਡਲ, ਅਰੁਣ ਗੁਪਤਾ ਪ੍ਰਧਾਨ ਸ੍ਰੀ ਸ਼ਿਆਮ ਪਰਿਵਾਰ, ਹਨੀ ਅਰੋੜਾ, ਸ੍ਰੀ ਸ਼ਿਆਮ ਸੇਵਕ ਮੰਡਲ, ਸ੍ਰੀ ਕਮਲ ਵਾਂਸਲ ਪ੍ਰਧਾਨ ਸ੍ਰੀ ਪ੍ਰਾਰਥਨਾ ਸਭਾ, ਜੁਗਲ ਕਿਸ਼ੋਰ ਅੰਮ੍ਰਿਤਸਰ ਵਾਲੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

